# ਸੂਰਾ

ਸਤੰਬਰ ੧੯੭੯

ਅੰਮ੍ਰਿਤਸਰ

ਮਾਸਕ ਪੱਤਰ

ਪੂਰਬ ਜਨਮ ਕੇ ਮਿਲੇ ਸੰਜੋਗੀ



ਭਾ: ਸਾ: ਰਣਧੀਰ ਸਿੰਘ ਜੀ
ਅਤੇ ਬਾਊ ਮਲ ਸਿੰਘ ਜੀ

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਜ਼ਿੰਦਗੀ ਤੇ ਮੌਤ | ਗੁਰਪੁਰ ਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਅਕਾਲ ਚਲਾਣਾ ਕੀ ਹੈ ? | ,, ,, ,, ,, | ੪ |
| ਪਵਿਤਰ ਆਤਮਾ ਬਾਊ ਮਲ ਸਿੰਘ ਜੀ ਦਾ ਅਕਾਲ ਚਲਾਣਾ | 'ਸੂਰਾ' ਪਰਵਾਰ | ੫ |
| ਗੁਰ-ਤੀਰਥ-ਯਾਤ੍ਰਾ | ਪ੍ਰਿੰਸੀਪਲ ਸੁਜਾਨ ਸਿੰਘ ਜੀ | ੧੨ |
| ਗੁਰਮਤਿ ਤੇ ਮਨਮਤਿ | ... ... | ੧੪ |
| ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੧੩) | ਕੈਪਟਨ ਸਵਰਨ ਸਿੰਘ ਜੀ | ੧੫ |
| ਗੁਰਮਤਿ ਵਿਚ ਅਦਵੈਤ-ਵਾਦ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨੨ |
| ਸਿੱਖੀ ਪਰਚਾਰ | ਸ: ਸਾਧੂ ਸਿੰਘ ਜੀ ਹਮਦਰਦ | ੨੪ |
| ਆਹ ! ਹਾ ! ਬਾਊ ਮਲ ਸਿੰਘ ਜੀ (ਕਵਿਤਾ) | ਭਾਈ ਹਰਨਾਮ ਸਿੰਘ ਜੀ ਕੋਮਲ | ੨੬ |
| ਸਗੁਰੇ ਹੋਣ ਦੀ ਜੁਗਤੀ ਅੰਮ੍ਰਿਤ-ਮਰਯਾਦਾ ਵਿਚ ਹੀ ਹੈ | ਭਾਈ ਸਾਹਿਬ ਰਣਧੀਰ ਸਿੰਘ ਜੀ | ੨੭ |
| ਕਲਿ ਕੇਵਲ ਨਾਮ ਅਧਾਰ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੨੯ |
| ਅੰਬਾਲਾ ਸ਼ਹਿਰ ਦੇ ਇਤਿਹਾਸਕ ਗੁਰਦਵਾਰੇ | ... .. | ੩੦ |
| ਸਾਧ ਸੰਗਤਿ | ਗਿ: ਗੋਪਾਲ ਸਿੰਘ ਜੀ ਮਿੱਤਰ | ੩੧ |
| ਗੁਰਮੁਖ ਪਿਆਰੇ ਬਾਊ ਮਲ ਸਿੰਘ ਜੀ ਦਾ ਅੰਤਮ ਸਮਾਗਮ | 'ਸੂਰਾ' ਪਰਵਾਰ | ੩੪ |
| ਅਮਰੀਕਾ ਵਿਚ ਸਿਖੀ ਦੀ ਲਹਿਰ | ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ | ੩੭ |


| | | | |
|---|---|---|---|
| ਸ੍ਰੀ ਗੁਰੂ ਰਾਮਦਾਸ ਜੀ ਅਵਤਾਰ ਧਾਰਿਆ | ੭ ਅਕਤੂਬਰ | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਗੁਰਿਆਈ | ੧੪ ਅਕਤੂਬਰ |
| ਸ੍ਰੀ ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤ | ੧੪ ਅਕਤੂਬਰ | ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਗੱਦੀ ਨੰਦੇੜ | ੨੩ ਅਕਤੂਬਰ |

# 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਇਕ ਪ੍ਰੇਮੀ ਜੀ | | 15-00 |
| ਸ. ਸੁਰਿੰਦਰ ਸਿੰਘ ਜੀ ਲਾਈਨ ਸੁਪ੍ਰੰਟੈਂਡੈਂਟ | ਭੁਜੰਗੀ ਦੇ ਜਨਮ ਦੀ ਖੁਸ਼ੀ ਵਿਚ | 11-00 |
| ਸ. ਅਵਤਾਰ ਸਿੰਘ ਜੀ ਅੰਮ੍ਰਿਤਸਰ ਛਾਉਣੀ | | 5-00 |
| ਸ. ਪ੍ਰੀਤਮ ਸਿੰਘ ਟੁਟੇਜਾ ਝਿਰਮਿਰੀ | ਬੱਚੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ | 5-00 |
| ਸ ਮਨਮੋਹਨ ਸਿੰਘ ਜੀ ਬਟਾਲਾ | | 10-00 |
| ਸ. ਇੰਦਰਜੀਤ ਸਿੰਘ ਜੀ ਚੰਡੀਗੜ੍ਹ | ਪਿਤਾ ਸ: ਅਰਜਨ ਸਿੰਘ X.E.N. ਦੇ ਅੰਤਮ ਭੋਗ ਸਮੇਂ | 11-00 |
| ਬੀਬੀ ਕੁਲਵੰਤ ਕੌਰ ਜੀ ਨਰਵਾਨਾ | | 21-00 |
| ਇਕ ਪ੍ਰੇਮੀ ਜੀ | | 65-00 |
| ਸ ਸੁਰਜੀਤ ਸਿੰਘ ਜੀ ਰਾਜਪੁਰਾ | ਡਾ: ਸੁੰਦਰ ਸਿੰਘ ਜੀ ਦੀ ਪਹਿਲੀ ਬਰਸੀ ਸਮੇਂ | 21-00 |
| ਸ, ਜਗਤਾਰ ਸਿੰਘ ਜੀ ਨਵੀਂ ਦਿੱਲੀ | ਸ. ਮਹਿੰਦਰ ਪ੍ਰਤਾਪ ਸਿੰਘ ਦੀ ੨੧ਵੀਂ ਬਰਸੀ ਦੇ ਭੋਗ ਸਮੇਂ | 11-00 |
| ਸ. ਸੂਰਤ ਸਿੰਘ ਪੂਰਨ ਜੀ ਤੇ ਬੀਬੀ ਭੁਪਿੰਦਰ ਕੌਰ ਜੀ ਚੰਡੀਗੜ੍ਹ | ਚੜ੍ਹਾਵਾ ਸਮਾਗਮ | 51-00 |
| ਸ. ਕਰਮ ਸਿੰਘ ਜੀ ਤਲਵਾੜ ਬੰਬਈ | | 11-00 |
| ਸ. ਗੁਰਨਾਮ ਸਿੰਘ ਰੈਡਿੰਗ ਯੂ. ਕੇ. | ਪਰਵਾਰ ਦੀ ਚੜ੍ਹਦੀ ਕਲਾ ਲਈ | 360-36 |
| ਬੀਬੀ ਬਲਬੀਰ ਕੌਰ ਜੀ ਯੂ.ਕੇ. | ਚੜ੍ਹਦੀ ਕਲਾ ਤੇ ਨਾਮ ਦਾਨ ਦੀ ਯਾਚਨਾ ਲਈ | 85-80 |
| ਸ. ਤਰਲੋਕ ਸਿੰਘ ਇੰਦਰ ਸਿੰਘ ਜੋਧਪੁਰ | ਅਖੰਡਪਾਠ ਦੇ ਭੋਗ ਸਮੇਂ | 15-00 |

ਸੱਚੇ ਪਾਤਸ਼ਾਹ ਸਭ ਵੀਰਾਂ ਭੈਣਾਂ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਦਾ ਪਿਆਰ ਬਖਸ਼ਣ

ਹੇਮਕੁੰਡ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬,ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੩੧.੮.੭੯ ਨੂੰ ਪ੍ਰਕਾਸਤ ਕੀਤਾ।
ਟੈਲੀਫੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


੧ੴ ਵਾਹਿਗੁਰੂ ਜੀ ਕੀ ਫਤਹਿ॥

# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

ਸਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦



ਸੰਪਾਦਕੀ ਬੋਰਡ
ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ



ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੩ ਸਤੰਬਰ ੧੯੭੯ ਅੰਕ ੯


## ਜ਼ਿੰਦਗੀ ਤੇ ਮੌਤ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥
ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥੧੯॥
[ਗਉੜੀ ਬਾਵਨ ਅਖਰੀ, ਪੰਨਾ ੨੫੪

ਇਸ ਸਸਾਰ ਅਸਾਰ ਤੋਂ ਪੂਰਾਂ ਦੇ ਪੂਰ ਕੂਚ ਕਰ ਕੇ ਲੱਦ ਗਏ ਅਤੇ ਲੱਦੀ ਜਾਂਦੇ ਹਨ, ਪਰੰਤੂ ਮਾਇਆ ਦੀ ਮੋਹ-ਫਾਸ ਵਿਚ ਫਾਥੇ ਅਤੇ ਭਰਮ-ਜਾਲ ਦੀ ਮ੍ਰਿਗ-ਤ੍ਰਿਸ਼ਨਾ ਵਿਚ ਭਰਮ-ਭੁਲੇ ਪ੍ਰਾਣੀਆਂ ਨੂੰ ਅਜੇ ਪਤੀਜ ਹੀ ਨਹੀਂ ਆਉਂਦੀ ਕਿ ਅਸੀਂ ਭੀ ਸਚ ਮੁਚ ਲੱਦ ਜਾਣਾ ਹੈ । ਸਮੀਪੀਆਂ ਤੋਂ ਸਮੀਪੀ ਅਤੇ ਪਿਆਰਿਆਂ ਤੋਂ ਪਿਆਰੇ ਸਜਨ ਅੱਖੀਂ ਦੇਖਦਿਆਂ ਕੇਤੇ ਹੀ ਚਲ ਗਏ ਅਤੇ ਚਲਾਣਾ ਕਰੀ ਚਲੇ ਜਾ ਰਹੇ ਹਨ, ਪਰ ਪਿਛੇ ਰਹਿ ਗਿਆ ਸਾਥ ਅਜੇ ਇਹੋ ਮੰਨੀ ਬੈਠਾ ਹੈ ਕਿ ਅਸੀਂ ਕਦੇ ਨਹੀਂ ਚਲਣਾ। ਇਹ ਕੂੜਾਵੀ ਆਸਾ ਬੰਨ੍ਹੀ ਬੈਠਾ ਹੈ ਕਿ ਅਸੀਂ ਇਸ ਜਗ ਉਤੇ ਅਸਥਿਰ ਰਹਿਣਾ ਹੈ। ਕਾਲ ਦਾ ਨਗਾਰਾ ਚਾਹ ਸਭਨਾਂ ਦੇ ਸਿਰ ਤੇ ਕੂਕ ਰਿਹਾ ਹੈ, ਪਰ ਹਰ ਕਈ ਥਾਉਂ ਥਾਈਂ ਇਹੋ ਮਿਣੀ-ਮਿਥੀ ਬੈਠਾ ਹੈ ਕਿ ਇਹ ਨਗਾਰਾ ਮੇਰੇ ਲਈ ਨਹੀਂ, ਹੋਰਨਾਂ ਲਈ ਹੈ। ਕਈ ਤਾਂ ਮੂਲੋਂ ਹੀ ਇਸ ਗੱਲ ਵਲੋਂ ਗ਼ਾਫ਼ਲ ਹੋ ਰਹੇ ਹਨ ਕਿ ਇਕ



www.AKJ.Org

ਦਿਨ ਅਸੀਂ ਭੀ 'ਕਾਲ ਅਹੇਰੀ' ਦੇ ਸ਼ਿਕਾਰ ਬਣਨਾ ਹੈ ਅਤੇ ਕਈ ਜਾਣ ਬੁਝ ਕੇ ਘੇਸਲੇ ਹੋ ਰਹੇ ਹਨ ਅਤੇ ਕਾਲ ਨੂੰ ਚੇਤੇ ਕਰਨਾ ਹੀ ਮਾਨੋ ਖੇਦ ਵਿਚ ਪੈਣਾ ਸਮਝਦੇ ਹਨ ਤੇ ਖ਼ਿਆਲ ਕਰਦੇ ਹਨ ਕਿ ਜਦੋਂ ਮਰਨਾ ਹੋਊ ਤਦੋਂ ਆਪੇ ਮੌਤ ਆ ਜਾਊ। ਓਦੂੰ ਪਹਿਲਾਂ ਮੌਤ ਨੂੰ ਚੇਤੇ ਕਰ ਕੇ ਐਵੇਂ (ਅਣਿਆਈ) ਮੌਤ ਨੂੰ ਮੁਲ ਲੈਣਾ ਹੈ। ਜੁਆਨੀ ਦੇ ਦਿਨਾਂ ਦੇ ਲਹਿਰੇ ਲੁਟ ਲਵੋ ਅਤੇ ਜੀਉਂਦੇ-ਜੀ ਮੌਜਾਂ ਮਾਣ ਲਵੋ। ਮਰਨ-ਪਹਿਰਾ ਜਦੋਂ ਆਇਆ ਤਦੋਂ ਆਪੇ ਦੇਖੀ ਜਾਊ। ਹੁਣ ਕਿਹੜਾ ਸਾਰੀ ਵਿਹਾ ਗਈ ਹੈ। ਪਰ ਇਹ ਪਤਾ ਨਹੀਂ ਕਿ 'ਮਰਣਿ ਨ ਮੂਰਤੁ ਪੁਛਿਆ ਪੁਛੀ ਥਿਤਿ ਨ ਵਾਰੁ'* ਅਤੇ ਨਾ ਹੀ ਇਹ ਖ਼ਬਰ ਹੈ ਕਿ 'ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ'‡। ਦਮ ਦਾ ਕੀ ਭਰੋਸਾ ਹੈ, ਸਾਹ ਆਇਆ ਕਿ ਨ ਆਇਆ। ਮੌਤ ਦਾ ਇਹ ਕੋਈ ਬੰਧੇਜ ਨਹੀਂ ਕਿ ਬਿਰਧ ਅਵਸਥਾ ਅਰਥਾਤ ਬੁਢੇਪੇ ਵਿਖੇ ਹੀ ਆਵੇ। ਕਈ ਚੜ੍ਹਦੀ ਜੁਆਨੀ ਵਿਚ ਹੀ ਚੜ੍ਹ ਜਾਂਦੇ ਹਨ। ਕਈਆਂ ਉਤੇ ਜੁਆਨੀ ਦਾ ਜੋਬਨ ਹੀ ਨਹੀਂ ਆਉਣਾ ਪਾਉਂਦਾ ਕਿ ਬਾਲ ਅਵਸਥਾ ਵਿਖੇ ਹੀ ਕੂਚ ਕਰ ਜਾਂਦੇ ਹਨ। ਜਦ ਨਿਤਾਪ੍ਰਤਿ ਮੌਤ ਦੇ ਅਜਿਹੇ ਘਾਤ ਪਰਤੱਖ ਦੇਖਣ ਅੰਦਰ ਆਉਂਦੇ ਹਨ ਤਦ ਹੋਰ ਜੀਵਨੇ ਦੀ ਆਸਾ ਕੈਸੀ ? ਅਤੇ ਲੰਮੀ ਆਰਜਾ ਦੀ ਲਾਲਸਾ ਕਿਹੀ ? ਅਤੇ ਅਜਿਹੀ ਕੂੜਾਵੀ ਆਸਾ ਅਤੇ ਤ੍ਰਿਸ਼ਨਾ ਅੰਦਰ ਦਿਨ ਕਟੇ ਕਿਸ ਲੇਖੇ ? ਮੌਤ ਤੋਂ ਗ਼ਾਫ਼ਲ ਹੋ ਕੇ ਜੀਵਨ ਬਤੀਤ ਕਰਨਾ ਅਤੇ ਲੰਮਾ ਜੀਵਨ ਲੋੜਨਾ ਪਾਪ ਦੇ ਪੰਨੇ ਵਿਚ ਪੈਣਾ ਹੈ। ਕਾਲ ਨੂੰ ਸਦਾ ਸਿਰ ਤੇ ਜਾਣ ਕੇ "ਵਾਟ ਵਟਾਊ ਆਇਆ ਨਿਤ ਚਲਦਾ ਸਾਥੁ ਦੇਖੁ"† ਦੇ ਗੁਰਵਾਕ ਦੇ ਭਾਵ ਅਨੁਸਾਰ ਜੀਵਨ ਬਤੀਤ ਕਰਨਾ ਕਾਲ ਤੋਂ ਡਰਨਾ ਨਹੀਂ, ਕਿੰਤੂ ਪਾਪਾਂ ਕੋਲੋਂ, ਪਾਪੁ ਕਰਨੋਂ ਕੰਬਣਾ ਹੈ ਅਤੇ ਇਸ ਸਦੀਵੀ ਭੈਭੀਤ ਦਸ਼ਾ ਅੰਦਰ ਵਰਤ ਕੇ ਆਪਣੀ ਆਯੂ ਨੂੰ ਸੰਵਾਰਨਾ ਅਤੇ ਮਨੁਖ ਜਾਮੇ ਦੀ ਜੀਵਨ-ਯਾਤਰਾ ਨੂੰ ਸਫਲ ਕਰਨਾ ਹੈ। ਅਤੇ ਇਸ ਬਿਧ ਜੀਵ ਕੇ ਅੰਤ ਨੂੰ ਮਰਨ ਕਾਲ ਦਾ ਤਰਾਸ ਮਨ ਤੋਂ ਨਿਵਾਰ ਦੇਣਾ ਹੈ, ਇਸ ਦਸ਼ਾ ਅੰਦਰ ਆਈ ਮੌਤ ਨਹੀਂ, ਜੀਵਨ ਮੋਕਸ਼ ਹੈ।

## ਅਕਾਲ ਚਲਾਣਾ ਕੀ ਹੈ ?

ਕਾਲ ਦੇ ਭੈ ਤੋਂ ਨਿਰਭੈ ਹੋਈਵੀ ਬਿਵਸਥਾ ਅੰਦਰ ਚਲਾਣਾ ਕਰਨਾ ਕਾਲ ਅਥਵਾ ਮੌਤ-ਚਲਾਣਾ ਨਹੀਂ, ਕਿੰਤੂ ਅਕਾਲ ਚਲਾਣਾ ਹੈ। ਇਸ ਬਿਧਿ ਮਰਜੀਵੜਾ ਹੋ ਕੇ ਮਰਨਾ ਮੌਤ ਵਾਲਾ ਧਰਮ ਨਹੀਂ, ਮਰਨ ਨੂੰ ਸੰਵਾਰਨਾ ਹੈ। ਧੰਨ ਹਨ ਜਨਮ ਤਿਨ੍ਹਾਂ ਪ੍ਰਾਣੀਆਂ ਦੇ, ਜਿਨ੍ਹਾ ਨੇ ਇਸ ਬਿਧਿ ਮਰ ਕੇ ਆਪਣੇ ਮਰਨ ਨੂੰ ਸਵਾਰਿਆ ਹੈ—"ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ"() ਗੁਰਵਾਕ ਦੇ ਭਾਵ ਅਨੁਸਾਰ ਜਿਨ੍ਹਾਂ ਨੇ ਆਪਣੀ ਸੰਸਾਰ-ਯਾਤਰਾ ਨੂੰ ਪੂਰਾ ਕੀਤਾ ਹੈ, ਅਜਿਹੇ ਪਵਿਤਰ ਜੀਵਨ ਵਾਲੀਆਂ ਰੂਹਾਂ ਦੇ ਅਕਾਲ ਚਲਾਣੇ ਗੁਰੂ ਘਰ ਵਿਖੇ ਅਸੀਂ ਆਏ ਦਿਨ ਹੁੰਦੇ ਸੁਣਦੇ ਹਾਂ। ਪਰ ਤਿਨ੍ਹਾ ਪਵਿੱਤਰ ਜਿੰਦੜੀਆਂ ਦੇ ਪੂਰਨਿਆਂ ਉਤੇ ਚਲਣ ਦਾ ਚਾਉ ਭੀ ਕਦੇ ਅਸਾਡੇ ਚਿਤਾਂ ਅੰਦਰ ਉਠਿਆ ਹੈ ? ਜੇ ਨਹੀਂ ਉਠਿਆ ਤਾਂ ਸਮਝ ਲਵੋ, ਅਜੇ ਅਸਾਡੇ ਆਤਮਾ ਅੰਦਰ ਧਰਮ ਦੀ ਉਹ ਅੰਸ ਉਤਪੰਨ ਨਹੀਂ ਹੋਈ ਜਿਸ ਨੇ ਅਸਾਡੇ ਪ੍ਰਮਾਰਥ ਸਬੰਧੀ ਪੰਥਕ ਜੀਵਨ ਨੂੰ ਸੁਰਜੀਤ ਕਰਨਾ ਹੈ। ਨਹੀਂ ਤਾਂ ਪਵਿੱਤਰ ਪੂਰਨਿਆਂ ਉਤੇ ਚਲਣ ਲਈ ਅਸਾਡੇ ਪੰਥਕ ਇਤਿਹਾਸ ਪ੍ਰਾਚੀਨ ਪਵਿਤਰ ਜੀਵਨਾਂ ਸੇਤੀ ਪੁਰੇ-ਪੁਰ ਪੂਰਤ ਪਏ ਹਨ। ਇਸ ਵਰਤਮਾਨ ਕਾਲ ਅੰਦਰ ਭੀ ਅਸਾਡੀਆਂ ਅੱਖੀਆਂ ਦੇ ਸਾਮ੍ਹਣੇ ਅਕਾਲ ਚਲਾਣਾ ਕਰਨ ਵਾਲੇ ਗੁਰਮੁਖ ਜੀਵਨ ਅਸਾਡੀ ਆਤਮਕ ਉਨਤੀ ਲਈ ਅਨਿਕ ਪ੍ਰਕਾਰ ਪਰੇਰਕ ਹੋ ਰਹੇ ਹਨ। ਪਰ ਅਸੀਂ ਹਾਂ ਕਿ ਅੱਖ ਨਹੀਂ ਉਘੇੜਦੇ, ਅਸਾ-

---

* ਸਲੋਕੁ ਮ: ੧, ਪੰਨਾ ੧੨੪੧. ‡ ਧਨਾਸਰੀ ਮ: ੧. ਪੰਨਾ ੬੬੦. † ਸਿਰੀ ਰਾਗੁ ਮ: ੧, ਪੰਨਾ ੬੧.

() ਮਾਰੂ ਮ: ੫, ਪੰਨਾ ੧੦੦੦



www.AKJ.Org

ਹਾਂ ਕਿ ਪਾਸਾ ਨਹੀਂ ਪਰਤਦੇ। ਨਾ ਸਾਨੂੰ ਕਾਲ ਦਾ ਭੈ ਹੀ ਪੋਂਹਦਾ ਹੈ ਅਤੇ ਨਾ ਹੀ ਅਕਾਲ ਚਲਾਣਾ ਕਰ ਗਈ ਰੂਹ ਦੀ ਰੀਸ ਹੀ ਅਸਾਂ ਨੂੰ ਉਪਜਦੀ ਹੈ।

## ਸਰੀਰ ਤੋਂ ਅਜ਼ਾਦ ਹੋਈ ਆਤਮਾ

ਪੰਜ ਭੂਤਕ ਸਰੀਰ ਵਿਚੋਂ ਅਜ਼ਾਦ ਹੋਈ ਆਤਮਾ ਦਿੱਬ-ਦ੍ਰਿਸ਼ਟ ਹੋ ਜਾਂਦੀ ਹੈ, ਅਰਥਾਤ ਉਨ੍ਹਾਂ ਅੱਖੀਆਂ ਅਗੇ ਓਹਲਾ ਪੜਦਾ ਕੋਈ ਨਹੀਂ ਰਹਿੰਦਾ। ਸਰੀਰ ਵਾਲੀਆਂ ਸਥੂਲ ਅੱਖੀਆਂ ਅਗੇ ਤਾਂ ਓਹਲਾ ਪੜਦਾ ਪੈ ਸਕਦਾ ਹੈ, ਆਤਮ ਦਿੱਬ-ਦ੍ਰਿਸ਼ਟੀ ਵਾਲੀਆਂ ਅੱਖੀਆਂ ਸੈਂਕੜਿਆਂ ਹਜ਼ਾਰਾਂ ਲੱਖਾਂ ਕੋਹਾਂ ਦੀਆਂ ਵਿੱਥਾਂ ਤੋਂ ਭੀ ਸੰਸਾਰੀ ਜੀਵਾਂ ਦੇ ਅੰਦਰ ਬਾਹਰ ਦਾ ਹਾਲ ਐਉਂ ਦੇਖ ਲੈਂਦੀਆਂ ਹਨ ਜਿਵੇਂ ਜਾਣੋ ਉਨ੍ਹਾਂ ਤੋਂ ਕੁਝ ਭੀ ਗੁਝਾ ਨਹੀਂ ਰਹਿੰਦਾ।..... ਸੁਤੰਤਰ ਆਤਮਾ ਨੂੰ ਹਨੇਰੇ ਕਿਥੇ ? ਹਨੇਰ ਗੁਬਾਰ ਏਨ੍ਹਾ ਸੰਸਾਰੀ ਪਰਤੰਤਰ ਜੀਵਾਂ ਨੂੰ ਹੈ। ਨਾਮ ਅਭਿਆਸ ਦੀ ਉੱਚੀ ਕਮਾਈ ਵਾਲੇ ਪ੍ਰਾਣੀਆਂ ਨੂੰ ਸੰਸਾਰ ਵਿਚ ਰਹਿੰਦੇ ਹੋਏ ਭੀ ਦਿੱਬ-ਦ੍ਰਿਸ਼ਟੀ ਪ੍ਰਾਪਤ ਹੋ ਜਾਂਦੀ ਹੈ। ਸਥੂਲ ਸਰੀਰ ਵਿਚ ਬਿਰਾਜਦੀ ਹੋਈ ਵੀ ਉਨ੍ਹਾਂ ਦੀ ਆਤਮਾ ਸੁਤੰਤਰ ਹੋ ਜਾਵੰਦੀ ਹੈ। ਤਿਨ੍ਹਾਂ ਨੂੰ ਪਰਲੋਕ-ਗਾਮੀ ਰੂਹਾਂ ਦਾ ਦਰਸ਼ਨ-ਨਜ਼ਾਰਾ ਭੀ ਹੋ ਜਾਵੰਦਾ ਹੈ। ਇਹ ਬਰੀਕ ਡੂੰਘੀਆਂ ਪ੍ਰਮਾਰਥੀ ਗੱਲਾਂ ਹਨ।

ਵ੦— 'ਜੇਲ੍ਹ ਚਿਠੀਆਂ' ਪੁਸਤਕ ਵਿਚੋਂ

# ਇਕ ਜੀਵਨ-ਮੁਕਤ ਪਵਿਤਰ ਆਤਮਾ ਬਾਊ ਮਲ ਸਿੰਘ ਜੀ ਦਾ ਅਕਾਲ ਚਲਾਣਾ

ਵਲੋਂ—
'ਸੂਰਾ' ਪਰਵਾਰ

ਗੁਰਬਾਣੀ ਦਾ ਇਹ ਮਹਾਂਵਾਕ ਕਿ

ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ ॥

ਪੜ੍ਹਨ ਮਾਤ੍ਰ ਨੂੰ ਤਾਂ ਸਾਰੇ ਪੜ੍ਹਦੇ ਹਨ, ਪਰ ਇਸ ਦੀ ਅਮਲੀ ਵਰਤੋਂ ਕਿਸੇ ਵਿਰਲੇ ਦੇ ਜੀਵਨ ਤੇ ਹੀ ਘਟਦੀ ਹੈ। ਬਾਊ ਮਲ ਸਿੰਘ ਜੀ ਇਕ ਐਸੀ ਮਹਾਨ ਹਸਤੀ ਸਨ, ਜਿਨ੍ਹਾਂ ਨੇ ਆਪਣੀ ਸਾਰੀ ਆਯੂ ਨਾਮ-ਸਿਮਰਨ ਤੇ ਗੁਰਮਤਿ ਨੂੰ ਹੀ ਮੁਖ ਰਖਿਆ, ਨਾਮ ਦੀ ਅਤੁੱਟ ਅਭਿਆਸ ਕਮਾਈ ਕੀਤੀ।

ਆਪ ਜੀ ਨੂੰ ਬਚਪਨ ਵਿਚ ਹੀ ਸੇਵਾ ਤੇ ਨਾਮ ਜਪਣ ਦੀ ਲਗਨ ਲਗੀ, ਜਿਹੜੀ ਕਿ ਦਿਨ ਬਦਿਨ ਵਧਦੀ ਹੀ ਗਈ ਤੇ ਆਪ ਜੀ ਸਦਾ ਚੜ੍ਹਦੀ ਕਲਾ ਵਿਚ ਹੀ ਵਿਚਰਦੇ ਰਹੇ। ਅਜਿਹੀਆਂ ਰੂਹਾਂ ਆਪਣੇ ਪੂਰਬਲੇ ਜਨਮ ਤੋਂ ਹੀ ਅਜਿਹੇ ਸ਼ੁਭ ਸੰਸਕਾਰ ਨਾਲ ਲਿਆਉਂਦੀਆਂ ਹਨ। ਉਹ ਆਪਣੇ ਪੂਰਬਲੇ ਜਨਮ ਸੰਬੰਧੀ ਟੂਕ ਮਾਤ੍ਰ ਇਉਂ ਦਸਿਆ ਕਰਦੇ ਸਨ ਕਿ ਉਹ ਪੂਰਬਲੇ ਜਨਮ ਵਿਚ ਇਕ ਤਕੜੇ ਤਪੱਸਵੀ ਸਨ। ਇਹੋ ਕਾਰਨ ਸੀ ਕਿ ਆਪ ਦੀ ਬ੍ਰਿਤੀ ਜਨਮ ਤੋਂ ਹੀ ਪ੍ਰਮਾਰਥੀ ਲਗਨ ਵਾਲੀ ਸੀ।

ਰਾਜ ਤੇ ਜੋਗ ਦੋਵੇਂ, ਵਿਰਲੇ ਵਾਂਞੇ ਬਾਈਂ ਹੀ ਇਕੱਠੇ ਵੇਖਣ ਵਿਚ ਆਉਂਦੇ ਹਨ, ਪਰ ਆਪ ਦੇ ਜੀਵਨ ਵਿਚ ਇਹ ਦੋਵੇਂ ਬਖਸ਼ਸ਼ਾਂ ਬਰਾਬਰ ਬਰਾਬਰ ਚਲਦੀਆਂ ਸਨ। ਜਿਥੇ ਆਪ ਪ੍ਰਮਾਰਥੀ ਰੰਗਾਂ ਵਿਚ ਸਿਖਰਾਂ ਛੂਹਦੇ ਸਨ ਉਥੇ ਆਪ ਸੰਸਾਰੀ ਤੇ ਗ੍ਰਿਹਸਥੀ ਵੀ ਚੋਟੀ ਦੇ ਸਨ। "ਘਾਲਿ ਖਾਇ ਕਿਛੁ ਹਥਹੁ ਦੇਇ"† ਦੇ ਮਹਾਂਵਾਕ ਅਨੁਸਾਰ ਆਪ ਜੀ ਨੇ ਫੌਜ ਦੀ ਨੌਕਰੀ ਕੀਤੀ ਤੇ ਆਪਣੀ ਦਸਾਂ ਨਹੁੰਆਂ ਦੀ ਸਵੱਛ ਕਮਾਈ ਵਿਚੋਂ ਵਧ ਤੋਂ ਵਧ ਗੁਰੂ

† ਸਲੋਕ ਮ: ੧, ਪੰਨਾ ੧੨੪੫



www.AKJ.Org

ਲੇਖੇ ਗੁਰਸਿਖਾਂ ਦੀ ਸੇਵਾ ਵਿਚ ਅਰਪਣ ਕਰਦੇ ਰਹੇ ।

ਨਿਮਰਤਾ ਤੇ ਮਨ ਦੀ ਗਰੀਬੀ ਆਦਿ ਗੁਰਮਤਿ ਦੇ ਗੁਣ ਉਹਨਾਂ ਦੇ ਜੀਵਨ ਵਿਚ ਕੁਟ ਕੁਟ ਕੇ ਭਰੇ ਹੋਏ ਹਨ । ਪਹਿਲੀ ਨਜ਼ਰੇ ਦੇਖਣ ਨੂੰ ਉਹਨਾਂ ਦਾ ਸੁਭਾਵ ਬੜਾ ਤਿਖਾ ਤੇ ਕਰੜਾ ਨਜ਼ਰ ਆਉਂਦਾ ਸੀ, ਪਰ ਆਪ ਜੀ—

ਦੀਸਿ ਆਵਤ ਹੈ ਬਹੁਤੁ ਭੀਹਾਲਾ ॥
ਸਗਲ ਚਰਨ ਕੀ ਇਹੁ ਮਨੁ ਰਾਲਾ ॥ (੩੮੪)

ਮਹਾਂ ਵਾਕ ਅਨੁਸਾਰ ਅਤਿ ਦੇ ਪਿਆਰਾਂ ਵਾਲੇ, ਗੁਰਸਿਖਾਂ ਤੋਂ ਵਾਰਨੇ ਬਲਿਹਾਰਨੇ ਤੇ ਆਪਾ ਨਿਛਾਵਰ ਕਰ ਦੇਣ ਵਾਲੇ ਅਤੇ ਟੁਟਿਆਂ ਨੂੰ ਜੋੜਨ ਵਾਲੇ ਪਰਉਪਕਾਰੀ ਸਜਣ ਸਨ ।

ਆਪ ਨੇ ਫੌਜ ਦੀ ਨੌਕਰੀ ਕੀਤੀ । ੧੯੧੨-੧੩ ਦੀ ਵਾਰਤਾ ਹੈ ਕਿ ਜਦੋਂ ਆਪ ਜੀ ਦਾ ਰਸਾਲਾ ਅੰਬਾਲੇ ਛਾਉਣੀ ਸੀ ਤਾਂ ਓਦੋਂ ਆਪ ਜੀ ਦੀਆਂ ਪਿਆਰ ਭਰੀਆਂ ਖਿਚਾਂ ਦੇ ਕਾਰਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਪ੍ਰੇਮ-ਫੇਰੀਆਂ ਅੰਬਾਲੇ ਛਾਉਣੀ ਵਿਖੇ ਅਕਸਰ ਪੈਂਦੀਆਂ ਰਹੀਆਂ । ਇਕ ਸਮੇਂ ਦੀ ਵਾਰਤਾ ਹੈ ਕਿ ਭਾਈ ਸਾਹਿਬ ਕੁਝ ਹੋਰ ਰੰਗ-ਰਤੜੇ ਸਜਣਾਂ ਸਮੇਤ, ਇਕ ਨਵ-ਯੁਵਕ ਹੌਸਲੇ ਵੀਰ, ਭਾਈ ਗੁਰਬਖਸ਼ ਸਿੰਘ ਜੀ, ਜੋ ਅਤਿ ਪ੍ਰਮਾਰਥੀ ਬੈਰਾਗ ਤੇ ਬਿਹਬਲ ਦਸ਼ਾ ਵਿਚ ਹਾਲੋਂ ਬੇਹਾਲ ਹੋ ਰਹੇ ਸਨ, ਦੀ ਜੀਵਨ-ਸੁਗਾਤ ਲੈ ਕੇ ਸ੍ਰੀ ਬਾਊ ਜੀ ਪਾਸ ਪੁਜੇ । ਮਸਤੂਲ ਮਸਤ ਰੰਗਾਂ ਦੇ ਕਾਰਨ ਇਹ ਸਾਰੇ ਸਜਣ ਲੰਗਰ ਪਾਣੀ ਵਲੋਂ ਕਈ ਦਿਨਾ ਤੋਂ ਕੜਾਕੇ ਹੀ ਸਨ । ਪਰ ਵੀਰ ਗੁਰਬਖਸ਼ ਸਿੰਘ ਜੀ ਦੇ ਅੰਦਰ ਕੀਰਤਨ ਦੀ ਅਜਿਹੀ ਬਿਰਹ-ਬੇਧਨੀ ਕਾਂਗ ਉਠੀ ਕਿ ਸਾਰੇ ਸਜਣ ਕੀਰਤਨ ਵਿਚ ਹੀ ਜੁਟ ਗਏ ।

ਅਗਲੀ ਘਟਨਾ ਭਾਈ ਸਾਹਿਬ ਰਣਧੀਰ ਸਿੰਘ ਜੀ 'ਰੰਗਲੇ ਸਜਣ'' ਪੁਸਤਕ ਵਿਚ ਇਉਂ ਲਿਖਦੇ ਹਨ:—

''ਜੁਟ ਜੁਟਾਇਆਂ ਨੂੰ ਹੀ ਤਿਆਰ ਹੋਏ ਗਫੇ ਲਾਉਣ ਲਈ ਪ੍ਰੇਰਿਆ ਗਿਆ।... ... ਹੁਕਮ ਨੂੰ ਕੌਣ ਮੋੜੇ । ਗਫ ਲਗਣ ਲਗ ਗਏ । ਲਾਉਂਦਿਆਂ ਦੀਆਂ ਸਮਾਧੀਆਂ ਜੁੜ ਗਈਆਂ । ਦਿਨ ਚੜ੍ਹਦੇ ਨੂੰ ਰਸਾਲੇ ਦੇ ਵੀਰਾਂ ਨੇ ਤਾਂ ਆਪੋ ਆਪਣੀ ਫ਼ੌਜੀ ਡਿਊਟੀ ਤੇ ਜਾਣਾ ਸੀ । ਸੋ ਲਾਜ਼ਮੀ ਤੌਰ ਤੇ ਉਨ੍ਹਾਂ ਨੂੰ ਜਾਣਾ ਹੀ ਪਿਆ । ਸ਼ਾਇਦ ਪਛੜ ਕੇ ਹੀ ਗਏ ਹੋਣਗੇ । ਅਸੀਂ ਉਸ ਕੁਆਟਰ 'ਚੋਂ ਬਾਹਰ ਨਿਕਲ ਕੇ ਇਕ ਨਵੇਕਲੇ ਖੂਹ ਦੇ ਕਿਨਾਰੇ ਤੇ ਹੀ ਰੇਤ ਤੇ ਜਾ ਲੇਟੇ ਅਤੇ ਕਿੰਨਾ ਚਿਰ ਲੇਟੇ ਹੀ ਰਹੇ । ਧੁੱਪਾਂ ਤਕੜੀਆਂ ਚੜ੍ਹ ਗਈਆਂ, ਫ਼ੌਜੀ ਸਜਣਾਂ ਵਿਚੋਂ ਕੋਈ ਨਾ ਬਹੁੜਿਆ । ਅਸੀਂ ਆਪਣੀ ਮੌਜ ਵਿਚ ਹੀ ਅਜਿਹੇ ਪ੍ਰੇਰੇ ਗਏ ਕਿ ਪਿਛਾਂਹ ਨੂੰ ਪਰਤਣ ਦੀਆਂ ਦਲੀਲਾਂ ਬਝ ਗਈਆਂ । ਉਥੇ ਅਟਕਣ ਨੂੰ ਜੀਅ ਨਾ ਕਰੇ । ਮਨੋਂ ਮਨੀ ਸਭ ਦੀ ਸਲਾਹ ਪਿਛਾਂਹ ਨੂੰ ਮੁੜਨ ਦੀ ਹੋ ਗਈ ਸੀ ਉਠ ਕੇ ਤੁਰਨ ਹੀ ਲਗੇ ਸੀ ਕਿ ਇਤਨੇ ਨੂੰ ਬਾਬੂ ਮਲ ਸਿੰਘ ਜੀ ਆ ਗਏ । ਲਜ ਤੇ ਡੋਲ ਹੱਥ ਵਿਚ ਫੜਿਆ ਹੋਇਆ । ਡੋਲ ਖੂਹ ਵਿਚ ਲਮਕਾਇਆ ਸੀ, ਲਜ ਉਨ੍ਹਾਂ ਦੇ ਹਥ ਵਿਚ ਫੜੀ ਸੀ । ਇਹ ਨਜ਼ਾਰਾ ਅਜ ਤਕ ਚੇਤੇ ਹੈ, ਕਦੇ ਨਹੀਂ ਭੁਲਿਆ । ਬਾਬੂ ਮਲ ਸਿੰਘ ਜੀ ਨੇ ਅੰਤਰਗਤੀ ਅਸਾਡੀ ਪਿਛਾਂਹ ਮੁੜਨ ਵਾਲੀ ਰੁਚੀ ਨੂੰ ਪਛਾਣ ਲਿਆ, ਖੂਬ ਜਾਚ ਕੇ ਜਾਣ ਲਿਆ । ਪਰਮ ਬੈਰਾਗ ਵਿਚ ਬੇਧੀ ਹੋਈ ਇਹ ਧੁਨੀ ਉਨ੍ਹਾਂ ਦੇ ਮੁਖ ਵਿਚੋਂ ਨਿਕਲੀ—

ਮੇਰੀ ਖਲਹੁ ਮੌਜੜੇ ਗੁਰਸਿਖ ਹੰਢਾਂਦੇ ॥

[ਵਾਰ ੯, ਪਉੜੀ ੧੮

ਧੁਨੀ ਕੀ ਸੀ, ਕੋਈ ਕਟਕ ਸੀ । ਗਗਨ ਵਲ ਨੂੰ ਮੁਖਾਰਬਿੰਦ ਡੋਲ ਖੂਹੇ ਅੰਦਰ ਲਮਕਿਆ ਹੋਇਆ ਤੇ ਲਜ ਹੱਥ ਵਿਚ ਫੜੀ ਹੋਈ, ਅਨੂ-ਪਮ ਲਟਕਾਂ ਵਿਚ ਸਾਰਾ ਸ਼ਬਦ ਅਲਾਪਨ ਕੀਤਾ।



www.AKJ.Org

ਸਾਡੀਆਂ ਪਿਛਾਂਹ ਪਰਤਣ ਵਾਲੀਆਂ ਸਲਾਹਾਂ ਸਭ ਵਿਚੇ ਹੀ ਰਹਿ ਗਈਆਂ। ਆਪਣੀ ਖਲਹੁ ਮੌਜੜੇ ਬਣਾ ਕੇ (ਸਿਖਾਂ ਨੂੰ) ਹੰਢਾਉਣ ਵਾਲਿਆਂ ਦੇ ਨਿਜ-ਚਰਨਾਂ ਵਿਚ ਹੀ ਬਿਰਤੀਆਂ ਜਾ ਟਿਕੀਆਂ। ਅਸੀਂ, ਹਾਂ ਉਸ ਵੀਰਨੇ ਬਾਬੂ ਮਲ ਸਿੰਘ ਜੀ ਦੇ ਮੁਲ-ਖਰੀਦੀ ਲਾਲੇ ਗੋਲੇ ਹੋ ਗਏ। ਇਧਰ ਸਾਰੀਆਂ ਸੰਗਤਾਂ ਆ ਜੁੜੀਆਂ, ਅਖੰਡਪਾਠ ਕਰਨ ਦੇ ਤਿਆਰੇ ਹੋ ਗਏ। ਪ੍ਰੇਮ-ਜੂੜ ਦੇ ਜਕੜੇ ਹੋਏ ਅਸੀਂ ਸੰਗਤਾਂ ਦੀ ਧੂੜ ਹੀ ਬਣ ਰਹੇ।"

ਓਦੋਂ ਕੁ ਹੀ ਦਿਕੇਰਾਂ ਬਾਊ ਮਲ ਸਿੰਘ ਜੀ ਨੇ ਭਾਈ ਸਾਹਿਬ ਜੀ ਨੂੰ ਜਥੇ ਸਮੇਤ, ਆਪਣੇ ਗ੍ਰਿਹ ਨਗਰ ਸਰਲੀ ਵਿਖੇ ਸਮਾਗਮ ਕਰਨ ਲਈ ਸੱਦਾ ਪੱਤਰ ਭੇਜਿਆ। ਭਾਈ ਸਾਹਿਬ ਜੀ ਸਾਰੇ ਜਥੇ ਸਮੇਤ ਇਕ ਦਿਨ ਪਹਿਲਾਂ ਹੀ ਟਾਂਗਰੇ ਸਟੇਸ਼ਨ ਆ ਉਤਰੇ। ਅਗੋਂ ਸ੍ਰੀ ਬਾਊ ਜੀ ਨੰਗੇ ਪੈਰੀਂ ਸਟੇਸ਼ਨ ਤੇ ਪੁਜੇ ਹੋਏ ਸਨ। ਜਥੇ ਨੂੰ ਵੇਖਦੇ ਸਾਰ ਛਪਾਲ ਧੂੜੀ ਵਿਚ ਡਿਗ ਪਏ। ਬਾਊ ਜੀ ਦੀ ਬਿਹਬਲ ਤੇ ਬੈਰਾਗਮਈ ਦਸ਼ਾ ਦੇਖ ਦੇਖ ਕੇ ਸਾਰੇ ਸਿੰਘ ਹੀ ਵੈਰਾਗਮਈ-ਉਛਾਲਿਆਂ ਵਿਚ ਆ ਰਹੇ ਸਨ। ਸ੍ਰੀ ਬਾਊ ਜੀ ਇਹ ਸ਼ਬਦ ਪੜ੍ਹ ਰਹੇ ਸਨ।

ਧੂੜੀ ਵਿਚਿ ਲੁਡੰਦੜੀ ਸੋਹਾਂ
ਨਾਨਕ ਤਹ ਸਹ ਨਾਲੇ ॥ (੧੪੨੪)

ਟਾਂਗਰੇ ਸਟੇਸ਼ਨ ਤੇ ਚਾਰ ਘੰਟੇ ਖੜੇ-ਖੜੋਤਿਆਂ ਕੀਰਤਨ ਹੋਇਆ। ਬੜਾ ਅਜਬ ਰੰਗ ਬੱਝਾ, ਜੋ 'ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨੁ' ਹੈ। ਇਨ੍ਹਾਂ ਕੀਰਤਨ-ਰੰਗਾਂ ਵਿਚ, ਕੀਰਤਨ ਕਰਦਿਆਂ ਚਾਰ ਪੰਜ ਮੀਲ ਤੁਰ ਕੇ ਸਾਰਾ ਜੱਥਾ ਸਰਲੀ ਨਗਰ ਪੁਜਾ। ਘਰ ਪੁਜ ਕੇ ਰਾਤ ਦਸ ਵਜੇ ਤਕ ਖ਼ੂਬ ਕੀਰਤਨ ਹੋਇਆ। ਬੇਬੇ ਨਿਹਾਲ ਕੌਰ ਜੀ* ਨੇ ਜਥੇ ਦੀ ਖ਼ੂਬ ਸੇਵਾ ਕੀਤੀ ਤੇ ਬੜੀ ਚੜ੍ਹਦੀ ਕਲਾ ਵਿਚ ਸ੍ਰੀ ਅਖੰਡਪਾਠ ਤੇ ਕੀਰਤਨ-ਸਮਾਗਮ ਹੋਏ।

ਅਜਿਹਾ ਤਾਂ ਕਈ ਵੇਰ ਪੇਖਣ ਸੁਣਨ ਵਿਚ ਆਇਆ ਕਿ ਸ੍ਰੀ ਬਾਊ ਜੀ ਘਰ ਆਏ ਗੁਰਸਿਖਾਂ ਦੇ ਚਰਨ ਜਲ ਨਾਲ ਧੋ ਕੇ, ਉਹ ਜਲ ਆਪ ਛਕ ਜਾਂਦੇ ਰਹੇ।

ਆਪ ਜੀ ਗਰਮੀਆਂ ਵਿਚ ਭਾਈ ਸਾਹਿਬ ਦੇ ਨਾਲ ਕੁਮਾਰਹੱਟੀ ਪਹਾੜ ਤੇ ਅਕਸਰ ਜਾਇਆ ਕਰਦੇ ਸਨ। ਉਥੇ ਇਕ ਪਹਾੜੀ 'ਬਾਊ ਜੀ ਦੀ ਪਹਾੜੀ' ਦੇ ਨਾਮ ਨਾਲ ਪਰਸਿਧ ਹੈ। ਬਾਊ ਜੀ ਉਸ ਪਹਾੜੀ ਤੇ ਬੈਠ ਕੇ ਨਾਮ ਦਾ ਅਨਿਕ ਤਰੰਗੀ ਖੰਡਾ ਖੜਕਾਇਆ ਕਰਦੇ ਸਨ। ਨਾਮ ਦੀ ਮੌਜ ਵਿਚ ਕਦੀ ਵੈਰਾਗ ਵਿਚ ਆ ਕੇ ਰੋ ਪੈਣਾ, ਤੇ ਕਦੀ ਵਿਗਾਸ ਵਿਚ ਆ ਕੇ ਹੱਸ ਪੈਣਾ। ਤੇ ਜਦੋਂ ਇਕ-ਸਾਹਾ ਹੀ ਨਾਮ-ਰੰਗਾਂ ਵਿਚ ਉਚੀ ਉਚੀ ਨਾਮ-ਕੂਕਾਂ ਕੂਕਣਾ ਤਾਂ ਭਾਈ ਸਾਹਿਬ ਜੀ ਨੇ ਹਾਸ-ਰਸ ਵਿਚ ਕਹਿਣਾ ਕਿ ਲਓ ਬਈ, ਬਾਊ ਜੀ ਲਗੇ ਨੇ ਬਾਂਗਾਂ ਦੇਣ। ਇਹ ਨਾਮ-ਬਾਂਗਾਂ ਕੋਈ ਲੋਕ-ਰਿਝਾਵੇ ਦੇ ਸੰਸਾਰੀ ਪਖੰਡ ਨਹੀਂ ਹਨ, ਸਗੋਂ "ਦਿਤੀ ਬਾਂਗ ਨਿਮਾਜ਼ ਕਰਿ ਸੁੰਨਿ ਸਮਾਨ ਹੋਆ ਜਹਾਨਾ"‡ ਦੇ ਇਲਾਹੀ ਕੌਤਕ ਹਨ, ਜੋ ਸਤਿਗੁਰੂ ਆਪਣੇ ਲਾਡਲੇ ਗੁਰਸਿਖਾਂ ਨੂੰ ਪ੍ਰਮਾਰਥੀ ਰੰਗਾਂ ਵਿਚ ਬਖਸ਼ਦਾ ਹੈ। ਵਿਰਲੇ ਜਾਗਦੇ ਜੋਗੀਸ਼ਰ ਮੁਨੀਸ਼ਰ ਹੀ ਜਾਣਨ ਇਨ੍ਹਾਂ ਗੁਹਜ ਪ੍ਰਮਾਰਥੀ ਰੰਗਾਂ ਤਰੰਗਾਂ ਦੀ ਸਾਰ ਨੂੰ।

ਸ੍ਰੀ ਬਾਊ ਜੀ ਕਈ ਵੇਰ ਨਾਮ ਜੱਪਣ ਲਈ ਇਕ ਸ਼ਰਤ ਦਸਦੇ ਹੁੰਦੇ ਸਨ ਕਿ ਨਾਮ ਹਿਰਦੇ ਵਿਚ ਤਾਂ ਟਿਕੇਗਾ ਜਦੋਂ ਮਨ ਦਾ ਸ਼ੀਸ਼ਾ ਸਾਫ਼ ਹੋਵੇ ਤੇ ਕਾਮ ਕ੍ਰੋਧ ਆਦਿਕ ਪੰਜਾਂ ਵਿਕਾਰਾਂ ਵਲੋਂ ਮਨ ਉਪਰਾਮ ਹੋਵੇ। ਅਤੇ ਇਹ ਵੀ ਕਿਹਾ ਕਰਦੇ ਸਨ ਕਿ ਇਨ੍ਹਾਂ ਵਿਕਾਰਾਂ ਨੂੰ ਮਾਰੇਗਾ ਵੀ ਨਾਮ ਹੀ। ਆਪ ਜੀ ਆਪਣੇ ਜੀਵਨ ਦੀ ਇਕ ਘਟਨਾ ਸੁਣਾਇਆ ਕਰਦੇ ਸਨ ਕਿ ਆਪ ਜੀ ਪਹਿਲੀ ਲੜਾਈ

* ਸਿੰਘਣੀ ਬਾਊ ਮਲ ਸਿੰਘ ਜੀ

‡ ਭਾ: ਗੁਰਦਾਸ ਜੀ, ਵਾਰ ੧, ਪਉੜੀ ੩੫



www.AKJ.Org

ਸਮੇਂ ਜਦੋਂ ਆਪਣੇ ਰਸਾਲੇ ਨਾਲ ਫਰਾਂਸ ਗਏ ਤਾਂ ਇਕ ਸ਼ਾਮ ਆਪ ਸੈਰ ਕਰ ਕੇ ਪਹਾੜੀ ਉਤਰ ਰਹੇ ਸਨ ਤਾਂ ਅਗੋਂ ਦੋ ਬੈਲਜੀਅਮ ਯੁਵਤੀਆਂ ਇਕ ਨੌਜਵਾਨ ਦੇ ਨਾਲ ਆ ਰਹੀਆਂ ਮਿਲੀਆਂ। ਉਨ੍ਹਾਂ ਮਾਣ-ਮਤੀਆਂ ਨੇ ਬਾਊ ਜੀ ਤੇ ਸੁਆਲ ਕੀਤਾ, ਨੌਜੁਆਨ! ਕੀ ਤੂੰ ਬੈਲਜੀਅਮ ਲੇਡੀ ਨੂੰ ਪਿਆਰ ਕਰਦਾ ਹੈਂ ? ਤਾਂ ਬਾਊ ਜੀ ਨੇ ਬੜੇ ਠਰ੍ਹੰਮੇ ਨਾਲ ਉਤਰ ਦਿਤਾ, ਹਾਂ; ਮੈਂ ਸਭ ਇਸਤ੍ਰੀਆਂ ਨੂੰ ਪਿਆਰ ਕਰਦਾ ਹਾਂ ਆਪਣੀ ਮਾਂ, ਭੈਣ ਤੇ ਧੀ ਜਾਣ ਕੇ। ਬਾਊ ਜੀ ਦਾ ਅੰਗਰੇਜ਼ੀ ਵਿਚ ਅਜਿਹਾ ਉਤਰ ਸੁਣ ਕੇ ਉਹ ਜੋਬਨ-ਮਤੀਆਂ 'ਹਾ' 'ਹਾ' ਕਰਦੀਆਂ ਤੇ ਉਪਰ ਨੂੰ ਬਾਹਾਂ ਉਲਾਰਦੀਆਂ ਪਰਾਂ ਭਜ ਗਈਆਂ। ਆਪ ਜੀ ਦੇ ਜੀਵਨ ਦੀ ਇਹ ਘਟਨਾ "ਕਾਮੁ ਗਹਿ ਕੇਸ ਪਛਾੜਿਉ"* ਦੀ ਜ਼ਿੰਦਾ ਮਿਸਾਲ ਹੈ। ਆਪ ਜੀ ਸਦਾ ਇਹ ਸੁਣਾਇਆ ਕਰਦੇ ਸਨ—

"ਹੇ ਕਾਮੰ ਨਰਕ ਬਿਸ੍ਰਾਮੰ
ਬਹੁ ਜੋਨੀ ਭ੍ਰਮਾਵਣਹ ॥" [ਪੰਨਾ ੧੩੫੮
"ਕਾਮੁ ਕ੍ਰੋਧੁ ਕਾਇਆ ਕਉ ਗਾਲੈ ॥
ਜਿਉ ਕੰਚਨ ਸੁਹਾਗਾ ਢਾਲੈ ॥" (੯੩੨)

ਕਲਜੁਗ ਵਿਚ ਕਾਮ ਪਰਧਾਨ ਹੈ ਪਰ ਇਸ ਤੋਂ ਨਾਮ-ਕਮਾਈ ਨਾਲ ਹੀ ਬਚਿਆ ਜਾ ਸਕਦਾ ਹੈ।

"ਮੁਖਹੁ ਹਰਿ ਹਰਿ ਸਭੁ ਕੋ ਕਰੈ
ਵਿਰਲੈ ਹਿਰਦੈ ਵਸਾਇਆ ॥
ਨਾਨਕ ਜਿਨ ਕੈ ਹਿਰਦੈ ਵਸਿਆ
ਮੋਖ ਮੁਕਤਿ ਤਿਨ੍ ਪਾਇਆ ॥ (੫੬੫)
"ਜੇ ਤੁਧੁ ਸਚੁ ਧਿਆਇਦੇ
ਸੇ ਵਿਰਲੇ ਥੋੜੇ ॥੧੧॥ (੩੦੯)

ਅਜਿਹੇ ਗੁਰਮੁਖਿ ਵਿਰਲੇ ਥੋੜੇ ਹੀ ਹਨ ਜਿਨ੍ਹਾਂ ਦੇ ਨਾਮ ਹਿਰਦੇ ਵਿਚ ਵਸਿਆ ਹੋਇਆ ਹੈ। ਉਨ੍ਹਾਂ ਨੇ ਹੀ ਦੁਖ ਸੁਖ ਨੂੰ ਇਕ-ਸਮਾਨ ਕਰ ਕੇ ਜਾਣਿਆ ਹੋਇਆ ਹੈ। ਸੁਖ ਦੇ ਸਮੇਂ ਤਾਂ "ਰਾਮ ਰਾਮ" ਕਹਿਣਾ ਸੁਖਾਲਾ ਹੀ ਹੈ, ਪਰ ਅੰਦਰ ਵਸੀ ਹੋਈ ਗੁਰਸਿਖੀ ਦੀ ਪਰਖ ਤਾਂ ਉਦੋਂ ਹੀ ਹੁੰਦੀ ਹੈ, ਜਦੋਂ ਅਤਿ ਦੇ ਸਰੀਰਕ ਕਸ਼ਟ ਸਮੇਂ ਵੀ ਅੰਦਰੋਂ ਆਪ-ਮੁਹਾਰਾ 'ਵਾਹਿਗੁਰੂ' 'ਵਾਹਿਗੁਰੂ' ਨਿਕਲੇ। ਜਦੋਂ ਆਪ ਆਪਣੇ ਮੁਰੱਬਿਆਂ ਵਿਚ ਚੱਕ ਨੰਬਰ ੫੨/੨ ਐਲ, ਤਸੀਲ ਉਕਾੜਾ ਵਿਖੇ ਰਹਿੰਦੇ ਸਨ ਤਾਂ ਆਪ ਜੀ ਨੂੰ ਘੋੜੀ ਨੇ ਦੁਲੱਤਾ ਮਾਰਿਆ, ਜਿਸ ਨਾਲ ਆਪ ਜੀ ਪਿਛੇ ਨੂੰ ਡਿਗੇ ਅਤੇ ਕੜਾਹੀ ਦਾ ਕੰਢਾ ਗਿੱਚੀ ਵਿਚ ਖੁਭ ਗਿਆ, ਤੇ ਘੋੜੀ ਦੇ ਦੁਲੱਤੇ ਨਾਲ ਸਿਰ ਦੀ ਸਾਰੀ ਖੋਪਰੀ ਹਿਲ ਗਈ। ਸਿਰ ਵਿਚ ਭਾਰੀ ਜ਼ਖ਼ਮ ਹੋ ਗਿਆ, ਲਹੂ ਦੀਆਂ ਤਤੀਰੀਆਂ ਵਗਣ ਲਗ ਪਈਆਂ ਤੇ ਕੇਸ ਲਹੂ ਨਾਲ ਲੱਥ ਪੱਥ ਹੋ ਗਏ। ਅਜਿਹੀ ਦਸ਼ਾ ਵਿਚ ਬਾਊ ਜੀ ਦੇ ਮੁਖ ਤੋਂ ਸਹਿਜੇ ਸਹਿਜੇ ਵਾਹਿਗੁਰੂ ਦੀ ਧੁਨੀ ਨਿਕਲ ਰਹੀ ਸੀ। ਡਾਕਟਰ ਆਇਆ ਤਾਂ ਕਹਿਣ ਲਗਾ ਕਿ ਮੈਂ ਕੀ ਕਰਾਂ, ਜ਼ਖ਼ਮ ਤਾਂ ਨਜ਼ਰ ਨਹੀਂ ਆਉਂਦਾ ਤੇ ਇਹ ਮਸਤਾਨਾ ਤਾਂ ਰੋਮਾਂ ਨੂੰ ਆਂਚ ਨਹੀਂ ਲਗਣ ਦੇਵੇਗਾ। ਮੈਂ ਕਰਾਂ ਤਾਂ ਕੀ ਕਰਾਂ। ਬਾਊ ਜੀ ਹੋਸ਼ ਵਿਚ ਆਏ ਤਾਂ ਡਾਕਟਰ ਨੂੰ ਕਹਿਣ ਲਗੇ, ਕਿ ਦੇਖ ਡਾਕਟਰ, ਤੂੰ ਮੇਰਾ ਦੋਸਤ ਹੈਂ ਤੇ ਇਕ ਇਕ ਰੋਮ ਵਿਚ ਮੇਰੀ ਜਾਨ ਹੈ। ਜੇ ਤੂੰ ਰੋਮਾਂ ਨੂੰ ਬਚਾ ਕੇ ਕੁਝ ਕਰ ਸਕਦਾ ਹੈਂ ਤਾਂ ਕਰ, ਨਹੀਂ ਤਾਂ ਸਰੀਰਕ ਮੌਤ ਤਾਂ ਹੋ ਹੀ ਚੁਕੀ ਹੈ। ਡਾਕਟਰ ਨੇ ਬੜੀ ਮਿਹਨਤ ਪਿਛੋਂ ਸਪਿਰਿਟ ਨਾਲ ਇਕ ਇਕ ਰੋਮ ਸਾਫ ਕਰ ਕੇ ਜ਼ਖ਼ਮ ਨੂੰ ਕੁਝ ਨੰਗਾ ਕੀਤਾ, ਪਰ ਲਹੂ ਫੁਹਾਰੇ ਵਾਂਗ ਚਲ ਰਿਹਾ ਸੀ। ਉਸ ਨੇ ਜਿਉਂ ਤਿਉਂ ਕਰ ਕੇ ਖੋਪਰੀ ਨੂੰ ਤੇਰ੍ਹਾਂ ਟਾਂਕੇ ਲਾਏ। ਇਸ ਸਮੇਂ ਜਦੋਂ ਡਾਕਟਰ ਟਾਂਕੇ ਲਾਉਣ ਲਗਾ ਤੇ ਪਹਿਲੀ ਸੂਈ ਮਾਰੀ ਤਾਂ ਬਾਊ ਜੀ ਨੇ ਅੰਗਰੇਜ਼ੀ ਵਿਚ ਕਿਹਾ, ਡਾਕਟਰ! ਕੀ ਕਰਦਾ ਹੈ? ਤਾਂ ਡਾਕਟਰ ਨੇ ਸੂਈ ਰਖ ਦਿਤੀ ਤੇ ਤਨਜ਼ੀਆ ਲਹਿਜੇ ਵਿਚ ਕਿਹਾ ਕਿ ਹਾਂ! ਬਣਨਾ ਭਗਤ ਤੇ ਮੰਨਣੀ ਪੀੜ! ਡਾਕਟਰ ਦੀ ਇਹ ਟੁਣਕਾਰ ਸੁਣ ਕੇ ਕਹਿਣ ਲਗੇ ਕਿ ਚੰਗਾ,

* ਸਵਈਏ ਮਹਲੇ ਚਉਥੇ ਕੇ, ਪੰਨਾ ੧੪੦੯



www.AKJ.Org

ਹੁਣ ਜੋ ਮਰਜ਼ੀ ਕਰ। ਉਸ ਤੋਂ ਬਾਅਦ ਸੁਰਤ ਟਿਕਾਅ ਵਿਚ ਐਸੀ ਟਿਕੀ ਕਿ ਟਾਂਕੇ ਲਾਂਦਿਆਂ ਤੇ ਪਟੀ ਕਰਦਿਆਂ ਰਤਾ ਨਹੀਂ ਜਿਮਕੇ ਅਤੇ ਨਾਮ-ਰੰਗਾਂ ਵਿਚ ਮਹਿਵ ਰਹੇ।

ਇਥੇ ਬਾਊ ਜੀ ਨਾਲ ਭਾਈ ਸਾਹਿਬ ਜੀ ਦੇ ਅਭਿ ਸਮੀਪੀ ਪਿਆਰ ਦਾ ਜ਼ਿਕਰ ਕਰਨਾ ਵੀ ਅਤੀ ਦਿਲਚਸਪ ਹੈ। ਭਾਈ ਸਾਹਿਬ ਜੀ ਨੂੰ ਬਾਊ ਜੀ ਦੀ ਇਸ ਦੁਖਦਾਈ ਘਟਨਾ ਦਾ ਇਕ ਸਮਾਗਮ ਵਿਚ ਕੀਰਤਨ ਰੰਗਾਂ ਵਿਚ ਜੁਟਿਆਂ ਨੂੰ ਜਦ ਸੁਨੇਹਾ ਮਿਲਿਆ ਤਾਂ ਭਾਈ ਸਾਹਿਬ ਜੀ ਨੇ ਜੋੜੀ ਉਤੇ ਸਿਰ ਰਖ ਦਿਤਾ। ਕੀਰਤਨ ਹੋਣਾ ਬੰਦ ਹੋ ਗਿਆ। ਸਾਰੇ ਦੀਵਾਨ ਵਿਚ ਸਨਾਟਾ ਛਾ ਗਿਆ। ਕਾਫ਼ੀ ਚਿਰ ਪਿਛੋਂ ਭਾਈ ਸਾਹਿਬ ਨੇ ਸੀਸ ਚੁਕਿਆ ਤੇ ਅੰਦਰੋਂ ਬਿਹਬਲ ਧੁਨੀ ਵਿਚ ਇਕ ਸ਼ਬਦ ਅਲਾਪ ਹੋਇਆ—

ਰਾਖ ਲੈਹੁ ਭਾਈ ਮੇਰੇ ਕਉ
ਪ੍ਰਭ ਆਗੈ ਅਰਦਾਸਿ ॥ (੬੧੯)

ਏਸੇ ਤਰ੍ਹਾਂ ਦੀ ਇਕ ਹੋਰ ਦੁਖਦਾਈ ਘਟਨਾ ਸ੍ਰੀ ਬਾਊ ਜੀ ਨਾਲ ਓਦੋਂ ਵਾਪਰੀ ਜਦੋਂ ਸ੍ਰੀ ਅੰਮ੍ਰਿਤਸਰ ਵਿਖੇ ਇਕ ਅਖੰਡਪਾਠ ਸਮਾਗਮ ਵਿਚ, ਬੈਠਣ ਲਗਿਆਂ ਅਚਾਨਕ ਪਿਛੇ ਹਟਦਿਆਂ ਭੋਰੇ ਵਿਚ ਡਿਗ ਪਏ। ਭੋਰੇ ਵਿਚ ਪਈ ਪਉੜੀ ਤੋਂ ਰਿੜਦੇ ਹੇਠਾਂ ਵਿਛੇ-ਪਲੰਘ ਦੀ ਬਾਹੀ ਉਪਰ ਪਸਲੀ ਭਾਰ ਡਿਗੇ। ਹਜ਼ੂਰੀ ਵਿਚ ਬੈਠਿਆਂ ਸੋਤਿਆਂ ਨੂੰ ਤਾਂ ਹੀ ਪਤਾ ਲਗਾ ਜਦੋਂ ਭੋਰੇ ਵਿਚ ਡਿਗ-ਦਿਆਂ ਹੀ 'ਵਾਹਿਗੁਰੂ' 'ਵਾਹਿਗੁਰੂ' ਦੀ ਉਚੀ ਦੁਹਾਈ ਸੁਣੀ। ਪਸਲੀ ਟੁਟ ਗਈ ਸੀ, ਪਰ ਹੱਠ ਤੇ ਹੌਸਲਾ ਇਤਨਾ ਤਕੜਾ ਕਿ ਸਿੰਘਾਂ ਦੇ ਬੇਨਤੀ ਕਰਨ ਦੇ ਬਾਵਜੂਦ ਵੀ ਆਪ ਹੀ ਪਉੜੀ ਚੜ੍ਹ ਕੇ ਬਾਹਰ ਨਿਕਲੇ, ਕਿਸੇ ਨੂੰ ਚੁਕ ਕੇ ਕਢਣ ਦੀ ਸੇਵਾ ਨਹੀਂ ਕਰਨ ਦਿਤੀ। ਇਸ ਨਾਲ ਤਕਲੀਫ਼ ਇਤਨੀ ਸੀ ਕਿ ਬਾਅਦ ਵਿਚ ਕਈ ਦਿਨ ਤਕ ਪਾਸਾ ਆਪ ਨਹੀਂ ਪਰਤ ਸਕੇ। ਇਸ ਸਮੇਂ ਵੀ ਸਤਿਗੁਰੂ ਦੇ ਭਾਣੇ ਵਿਚ ਚੜ੍ਹਦੀ ਕਲਾ ਵਿਚ ਹੀ ਰਹੇ ਤੇ ਗੁਰੂ ਗੁਰੂ ਜਪਦੇ ਰਹੇ।

ਆਪ ਜੀ ਨੇ ਦੋ ਤਿੰਨ ਸਾਲ ਤੋਂ ਹੀ ਆਪਣੀਆਂ ਸੰਸਾਰਕ ਤੇ ਪਰਵਾਰਕ ਜ਼ਿਮੇਵਾਰੀਆਂ ਹੌਲੀ ਹੌਲੀ ਯੋਗ ਹੱਥਾਂ ਵਿਚ ਸੌਂਪਣੀਆਂ ਸ਼ੁਰੂ ਕਰ ਦਿਤੀਆਂ ਹੋਈਆਂ ਸਨ ਅਤੇ ਆਪਣੀ ਜ਼ਮੀਨ ਤੇ ਘਰ ਬਾਰ ਆਦਿ ਸਭ ਕੁਝ ਲੜਕਿਆਂ ਵਿਚ ਵੰਡ ਵੰਡਾ ਦਿਤਾ ਸੀ। ਇਸੇ ਤਰ੍ਹਾਂ ਜਥੇ ਦੀਆਂ ਜ਼ਿਮੇਵਾਰੀਆਂ ਤੋਂ ਸੁਰਖਰੂ ਹੁੰਦੇ ਗਏ ਅਤੇ 'ਸੂਰਾ' ਮਾਸਕ ਪੱਤਰ ਵਿਚ ਕਈ ਵਾਰ ਸੰਗਤਾਂ ਦੇ ਚਰਨਾਂ ਵਿਚ ਇਸ ਤਰ੍ਹਾਂ ਦੀਆਂ ਜੋਦੜੀਆਂ ਲਿਖ ਕੇ ਭੇਜਦੇ ਰਹੇ ਕਿ ਮੇਰੀ ਉਮਰ ਹੁਣ ਵਡੇਰੀ ਹੋਣ ਕਰਕੇ ਸਿਹਤ ਹੇਠਾਂ ਜਾ ਰਹੀ ਹੈ। ਸਮਾਗਮਾਂ ਤੇ ਪੁਜਣ ਲਈ ਸੰਗਤਾਂ ਵਲੋਂ ਪ੍ਰੇਮ-ਸੰਦੇਸ਼ੇ ਪੁਜਦੇ ਹਨ ਪਰ ਦਾਸ ਪੁਜ ਨਹੀਂ ਸਕਦਾ, ਖਿਮਾ ਦਾ ਜਾਚਕ ਹਾਂ। ਦਾਸ ਨੇ ਸੰਗਤ ਦੀਆਂ ਬੜੀਆਂ ਅਰਦਾਸਾ ਕੀਤੀਆਂ ਹਨ, ਹੁਣ ਸੰਗਤਾਂ ਮੈਂ ਗਰੀਬ ਲਈ ਵੀ ਅਰਦਾਸ ਕਰਨ ਕਿ ਮੇਰੀਆਂ ਭੁਲਾਂ ਬਖਸ਼ ਲੈਣ।

ਆਖਰਕਾਰ ਆਉਂਦਿਆਂ ਆਉਂਦਿਆਂ ਉਹ ਸਮਾਂ ਵੀ ਆ ਗਿਆ ਜਦੋਂ ਆਪ ਨੂੰ ਆਪਣਾ ਅੰਤ ਸਮਾਂ ਨੇੜੇ ਹੀ ਦਿਸਣ ਲਗ ਪਿਆ ਤੇ ਆਪ ਕਹਿਣ ਲਗ ਪਏ ਕਿ ਹੁਣ ਬਹੁਤਾ ਸਮਾ ਬਾਕੀ ਨਹੀਂ ਹੈ, ਕੁਝ ਦਿਨਾਂ ਦੇ ਹੀ ਦਰਸ਼ਨ ਮੇਲੇ ਹਨ। ਅਜੀਤ ਨਗਰ ਸ੍ਰੀ ਅੰਮ੍ਰਿਤਸਰ ਆਏ ਤਾਂ ਇਕੱਲੇ ਇਕੱਲੇ ਜੀਆਂ ਨੂੰ ਮਿਲ ਕੇ ਕਹਿਣ ਲਗੇ ਕਿ ਬਸ, ਇਹ ਆਖਰੀ ਦਰਸ਼ਨ-ਮੇਲੇ ਹੀ ਹਨ।

ਇਸ ਤੋਂ ਪਿਛੋਂ ਪਰਚੇ ਤੋਂ ਵਿਹਲੇ ਹੋ ਕੇ ਦਾਸਰੇ ਦੋ ਜੁਲਾਈ ਨੂੰ ਸ੍ਰੀ ਤਰਨ ਤਾਰਨ ਬਾਊ ਜੀ ਦੇ ਦਰਸ਼ਨਾਂ ਲਈ ਗਏ ਤਾਂ ਕਈ ਘੰਟੇ ਬੈਠੇ ਨਾਮ ਦੀਆਂ ਬਾਤਾਂ ਹੀ ਸੁਣਾਂਦੇ ਰਹੇ। ਸਿੱਟੇ ਦੀ ਗੱਲ ਇਹੋ ਦਸੀ ਕਿ ਇਕ ਤਾਂ ਮੂੰਹ ਨਾਲ 'ਵਾਹਿਗੁਰੂ' 'ਵਾਹਿਗੁਰੂ' ਕਹਿਣਾ ਹੈ ਦੂਸਰਾ ਹਿਰਦੇ ਵਿਚ—

"ਹਰਿ ਜਨ ਸਿਮਰਹੁ ਹਿਰਦੈ ਰਾਮ ॥" (੭੦੨)

ਹਿਰਦੇ ਵਿਚ ਜਪਣਾ ਹੈ। ਅਤੇ ਆਪ ਜੀ ਨੇ ਆਪਣੀ ਸਿੰਘਣੀ ਮਾਤਾ ਨਿਹਾਲ ਕੌਰ ਜੀ ਦੇ ਅੰਤ



www.AKJ.Org

ਸਮੇਂ ਦੀ ਹਿਰਦੇ-ਸਿਮਰਨ ਦੀ ਦਸ਼ਾ ਦਸ ਕੇ, ਅਤੇ ਆਪ ਜਪ ਕੇ ਦਸਿਆ ਕਿ ਇਉਂ ਹਿਰਦੇ ਵਿਚ ਜਪਣਾ ਹੈ, ਜੋ "ਊਠਤ ਬੈਠਤ ਸੋਵਤ ਨਾਮੁ"* ਸਦਾ ਜਾਰੀ ਰਹਿ ਸਕਦਾ ਹੈ। ਫਿਰ ਬੇਗਮਪੁਰਾ ਸ਼ਹਿਰ ਦਾ ਨਜ਼ਾਰਾ ਬੇਣੀ ਜੀ ਦੇ ਸ਼ਬਦ ਦੁਆਰਾ ਦਰਸਾਇਆ ਕਿ ਕਿਵੇਂ ਉਥੇ ਗੁਰਮੁਖ ਰੂਹਾਂ ਜਾ ਇਕੱਠੀਆਂ ਹੁੰਦੀਆਂ ਹਨ। ਫਿਰ ਕਿਹਾ ਕਿ ਹੁਣ ਬੇਗਮਪੁਰੇ ਮਿਲਾਂਗੇ। ਸਾਡੇ ਨਾਲ ਖੁਲ੍ਹੇ ਬਚਨ-ਬਿਲਾਸ ਕਰਨ ਦੇ ਇਹ ਆਖਰੀ ਸੰਜੋਗੀ-ਮੇਲੇ ਸਨ।

ਇਸ ਤੋਂ ਪਿਛੋਂ ਮਲੇਰੀਆ ਬੁਖ਼ਾਰ ਹੋਇਆ, ਜੋ ਉਤਰ ਵੀ ਗਿਆ, ਪਰ ਥੋੜੀ ਜਿਹੀ ਪਿਸ਼ਾਬ ਰੁਕਣ ਦੀ ਖੇਚਲ ਹੋ ਗਈ। ਇਸ ਕਰਕੇ ੧੧ ਜੁਲਾਈ ਨੂੰ ਸ੍ਰੀ ਅੰਮ੍ਰਿਤਸਰ ਹਸਪਤਾਲ ਦੇ ਸਪੈਸ਼ਲ ਵਾਰਡ ਵਿਚ ਲੈ ਆਂਦਾ ਗਿਆ। ਡਾਕਟਰੀ ਸਹਾਇਤਾ ਨਾਲ ਕੁਝ ਦਿਨਾਂ ਵਿਚ ਹੀ ਸਰੀਰਕ ਖੇਚਲ ਤਾਂ ਠੀਕ ਹੋ ਗਈ, ਪਰ ਸਰੀਰ ਦਾ ਬਲ ਸਾਥ ਛਡਦਾ ਗਿਆ।

ਅੰਤ ਸਮੇਂ ਉਸ ਪ੍ਰਾਣੀ ਦੇ ਮੂੰਹੋਂ ਹੀ 'ਵਾਹਿਗੁਰੂ' ਨਿਕਲਦਾ ਹੈ ਜਿਸ ਨੇ ਆਪਣੀ ਸਾਰੀ ਆਯੂ ਵਾਹਿਗੁਰੂ ਪ੍ਰਾਇਣ ਹੋ ਕੇ ਗੁਜ਼ਾਰੀ ਹੋਵੇ ਅਤੇ ਜੀਉਂਦੇ ਜੀ ਵਾਹਿਗੁਰੂ ਨੂੰ ਤਨ, ਮਨ ਤੇ ਹਿਰਦੇ ਵਿਚ ਵਸਾ-ਰਸਾ ਲਿਆ ਹੋਵੇ। ਅਜਿਹੇ ਵਿਰਲੀਸ਼ਰ ਗੁਰਮੁਖਾਂ ਦੇ ਵਾਹਿਗੁਰੂ ਸਦਾ ਅੰਗ ਸੰਗ ਵਸਦਾ ਹੁੰਦਾ ਹੈ, ਜਿਹਾ ਕਿ ਸ੍ਰੀ ਬਾਊ ਜੀ ਦੇ ਦਰਸ਼ਨਾਂ ਤੋਂ ਪਰਤਖ ਪ੍ਰਤੀਤ ਹੁੰਦਾ ਸੀ। ਚਾਹੇ ਸਰੀਰ ਨਿਰਬਲ ਹੋ ਗਿਆ ਸੀ ਪਰ ਚੇਹਰੇ ਤੇ ਲਾਲੀਆਂ ਭਖਦੀਆਂ ਸਨ। ਡਾਕਟਰ ਵੀ ਹੈਰਾਨ ਹੁੰਦੇ ਸਨ ਕਿ ਇਨ੍ਹਾਂ ਦਾ ਚਿਹਰਾ ਇੰਨ੍ਹਾ ਸੁਰਖ ਕਿਉਂ ਹੈ। "ਨਾਮੁ ਜਪੰਦੜੀ ਲਾਲੀ" ਦੇ ਨਾਲ ਚਿਹਰਾ ਦਗ ਦਗ ਕਰਦਾ ਸੀ। ਸੰਸਾਰ ਵਲੋਂ ਸੁਰਤੀ ਬਿਰਤੀ ਬਿਲਕੁਲ ਟੁਟ ਚੁਕੀ ਸੀ, ਪਰ ਨਾਮ ਬਾਣੀ ਦਾ ਅਤੁਟ ਪਰਵਾਹ ਜਾਰੀ ਸੀ। ਕਦੀ ਗੁਰਬਾਣੀ ਦੀਆਂ ਤੁਕਾਂ ਪੜ੍ਹਦੇ, ਕਦੀ ਨਾਮ ਅਭਿਆਸ ਕਰਦੇ ਤੇ ਕਦੀ ਅਰਦਾਸਾਂ ਕਰਦੇ ਪਰਤੱਖ ਦਿਸਦੇ ਸਨ। ਅੰਤਰਮੁਖੀ ਨਾਮ ਦੇ ਨਾਲ ਜੁੜੇ ਹੋਏ ਹੋਣ ਦੇ ਬਾਵਜੂਦ ਵੀ ਸੰਪੂਰਨ ਸਾਵਧਾਨਤਾ ਸੀ। ੧੩-੧੪-੧੫ ਜੁਲਾਈ ਨੂੰ ਆਪ ਦੀ ਚੜ੍ਹਦੀ ਕਲਾ ਲਈ ਯਤੀਮਖਾਨਾ ਸ੍ਰੀ ਅੰਮ੍ਰਿਤਸਰ ਵਿਖੇ ਸ੍ਰੀ ਅਖੰਡ-ਪਾਠ ਹੋਇਆ ਤਾਂ ਆਪ ਦੀ ਸੁਰਤ ਸ੍ਰੀ ਅਖੰਡਪਾਠ ਦੇ ਲਾਹਿਆਂ ਵਿਚ ਹੀ ਜੁੜੀ ਹੋਈ ਸੀ। ਜਿਹਾ ਕਿ ਆਪ ਕਹਿੰਦੇ ਸਨ ਕਿ ਮੱਧ ਆ ਰਿਹਾ ਹੈ, ਦੇਗ ਲਿਆਓ, ਅਰਦਾਸ ਕਰੋ ਤੇ ਫਿਰ ਕਹਿੰਦੇ ਕਿ ਦੇਗ ਵਰਤਾਓ। ਇਉਂ ਜਾਪਦਾ ਸੀ ਕਿ ਉਨ੍ਹਾਂ ਦੀ ਸੁਰਤ ਸ੍ਰੀ ਅਖੰਡ ਪਾਠ ਦੇ ਪਰਵਾਹ ਨਾਲ ਜੁੜੀ ਹੋਈ ਹੈ। ਉਨ੍ਹਾਂ ਦੀ ਇੱਛਾ ਮੂਜਬ ਪਰਵਾਰ ਦੇ ਕਹਿਣ ਤੇ ੧੬-੧੭-੧੮ ਨੂੰ ਅਜੀਤ ਨਗਰ ਸ੍ਰੀ ਅੰਮ੍ਰਿਤਸਰ ਵਿਖੇ ਜਥੇ ਦੇ ਸਿਘਾਂ ਵਲੋਂ ਸ੍ਰੀ ਅਖੰਡਪਾਠ ਕੀਤਾ ਗਿਆ। ਇਸ ਸ੍ਰੀ ਅਖੰਡਪਾਠ ਦੇ ਅਰੰਭ ਵਿਚ ਹੀ ਜੋ ਹੁਕਮਨਾਮਾ ਆਇਆ, ਉਹ ਉਨ੍ਹਾਂ ਦੀ ਬਿਵਸਥਾ ਦੇ ਨਾਲ ਐਨ ਢੁਕਵਾਂ ਸੀ, ਹੁਕਮਨਾਮਾ ਇਹ ਸੀ —

ਬਿਲਾਵਲੁ ਮਹਲਾ ੫ (੮੦੦)
ਸੁਖ ਨਿਧਾਨ ਪ੍ਰੀਤਮ ਪ੍ਰਭ ਮੇਰੇ ॥
ਅਗਨਤ ਗੁਣ ਠਾਕੁਰ ਪ੍ਰਭ ਤੇਰੇ ॥
ਮੋਹਿ ਅਨਾਥ ਤੁਮਰੀ ਸਰਣਾਈ ॥
ਕਰਿ ਕਿਰਪਾ ਹਰਿ ਚਰਨ ਧਿਆਈ ॥੧॥
ਦਇਆ ਕਰਹੁ ਬਸਹੁ ਮਨਿ ਆਇ ॥
ਮੋਹਿ ਨਿਰਗੁਣ ਲੀਜੈ ਲੜਿ ਲਾਇ॥ਰਹਾਉ॥
ਪ੍ਰਭੁ ਚਿਤਿ ਆਵੈ ਤਾਂ ਕੈਸੀ ਭੀੜ ॥
ਹਰਿ ਸੇਵਕ ਨਾਹੀ ਜਮ ਪੀੜ ॥
ਸਰਬ ਦੂਖ ਹਰਿ ਸਿਮਰਤ ਨਸੇ ॥
ਜਾ ਕੈ ਸੰਗਿ ਸਦਾ ਪ੍ਰਭੁ ਬਸੈ ॥੨॥
ਪ੍ਰਭ ਕਾ ਨਾਮੁ ਮਨਿ ਤਨਿ ਆਧਾਰੁ ॥
ਬਿਸਰਤ ਨਾਮੁ ਹੋਵਤ ਤਨੁ ਛਾਰੁ ॥

* ਸੁਖਮਨੀ ਮ: ੫, ਪੰਨਾ ੨੮੬



www.AKJ.Org

ਪ੍ਰਭ ਚਿਤਿ ਆਏ ਪੂਰਨ ਸਭ ਕਾਜ ॥
ਹਰਿ ਬਿਸਰਤ ਸਭ ਕਾ ਮੁਹਤਾਜ ॥੩॥
ਚਰਨ ਕਮਲ ਸੰਗਿ ਲਾਗੀ ਪ੍ਰੀਤਿ ॥
ਬਿਸਰਿ ਗਈ ਸਭ ਦੁਰਮਤਿ ਰੀਤਿ ॥
ਮਨ ਤਨ ਅੰਤਰਿ ਹਰਿ ਹਰਿ ਮੰਤ ॥
ਨਾਨਕ ਭਗਤਨ ਕੈ ਘਰਿ ਸਦਾ ਅਨੰਦ ॥
੪॥੩॥

ਆਪ ਜੀ ਨਮਿਤ ਸਮਾਗਮਾਂ ਪਿਛੋਂ ਹੋਰ ਵੀ ਜਿੰਨੇ ਹੁਕਮਨਾਮੇ ਆਏ, ਇਕ ਤੋਂ ਇਕ ਵਧ ਸਭ ਚੜ੍ਹਦੀ ਕਲਾਂ ਵਾਲੇ ਆਉਂਦੇ ਰਹੇ।

ਆਪ ਜੀ ਸੋਦਰ ਦੀ ਅਰਦਾਸ ਪਿਛੋਂ ਖੜੇ ਹੋ ਕੇ ਸਦਾ ਇਹ ਪਉੜੀ ਪੜ੍ਹਿਆ ਕਰਦੇ ਸਨ–

ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ ॥
ਚੋਰ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ ॥
ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ ॥
ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰ ਕਰੰਦਾ ॥
ਬਿਸਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ ॥
ਸਿਮਰਿ ਮੁਰੀਦਾ ਢਾਢੀਆ ਸਤਿਗੁਰ ਬਖਸੰਦਾ ॥
੨੧॥੩੬॥

ਅੰਤਲੀ ਤੁਕ "ਸਿਮਰਿ ਮੁਰੀਦਾ ਢਾਢੀਆ" ਜ਼ੋਰ ਨਾਲ ਕਈ ਕਈ ਵਾਰ ਪੜ੍ਹਦੇ ਵਜਦ ਵਿਚ ਆ ਜਾਂਦੇ ਸਨ।

ਹਾਂ ਜੀ; ਆਪ ਗਏ, ਤੇ ਸੋਹਣੇ ਗਏ। ਵਾਹਿਗੁਰੂ ਜੀ ਨਾਲ ਲਿਵ-ਡੋਰੀ ਜੋੜ ਕੇ ਸੁਖੈਨ ਹੀ ਅਟਾਰੇ ਜਾ ਚੜ੍ਹੇ ਤੇ ਇਸ ਤਰ੍ਹਾਂ ਇਸ ਤੁਕ ਨੂੰ ਸਫਲਾ ਕਰ ਗਏ –

ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ ॥

ਇਹ ਸਾਰਾ ਸ਼ਬਦ ਠੀਕ ਆਪ ਜੀ ਪ੍ਰਥਾਇ ਢੁਕਦਾ ਹੈ–

ਮਾਨ ਮੋਹ ਅਰੁ ਲੋਭ ਵਿਕਾਰਾ
ਬੀਓ ਚੀਤਿ ਨ ਘਾਲਿਓ ॥
ਨਾਮ ਰਤਨੁ ਗੁਣਾ ਹਰਿ ਬਣਜੇ
ਲਾਦਿ ਵਖਰੁ ਲੈ ਚਾਲਿਓ ॥੧॥
ਸੇਵਕ ਕੀ ਓੜਕਿ ਨਿਬਹੀ ਪ੍ਰੀਤਿ ॥
ਜੀਵਤ ਸਾਹਿਬੁ ਸੇਵਿਓ ਅਪਨਾ
ਚਲਤੇ ਰਾਖਿਓ ਚੀਤਿ ॥੧॥ਰਹਾਉ॥
ਜੈਸੀ ਆਗਿਆ ਕੀਨੀ ਠਾਕੁਰਿ
ਤਿਸ ਤੇ ਮੁਖੁ ਨਹੀ ਮੋਰਿਓ ॥
ਸਹਜੁ ਅਨੰਦੁ ਰਖਿਓ ਗ੍ਰਿਹ ਭੀਤਰਿ
ਉਠਿ ਉਆਹੂ ਕਉ ਦਉਰਿਓ ॥੨॥
ਆਗਿਆ ਮਹਿ ਭੂਖ ਸੋਈ ਕਰਿ ਸੂਖਾ
ਸੋਗ ਹਰਖ ਨਹੀ ਜਾਨਿਓ ॥
ਜੋ ਜੋ ਹੁਕਮੁ ਭਇਓ ਸਾਹਿਬ ਕਾ
ਸੋ ਮਾਥੈ ਲੈ ਮਾਨਿਓ ॥੩।
ਭਇਓ ਕ੍ਰਿਪਾਲੁ ਠਾਕੁਰੁ ਸੇਵਕ ਕਉ
ਸਵਰੇ ਹਲਤ ਪਲਾਤਾ ॥
ਧੰਨੁ ਸੇਵਕੁ ਸਫਲੁ ਓਹੁ ਆਇਆ
ਜਿਨਿ ਨਾਨਕ ਖਸਮ ਪਛਾਤਾ ॥੪॥੫॥

ਮਾਰੂ ਮਹਲਾ ੫, ਪੰਨਾ ੧੦੦੦

## ਪਾਠਕਾਂ ਪ੍ਰਤੀ ਬੇਨਤੀਆਂ

੧. ਅਸੀਂ ਬਾਰ ਬਾਰ ਬੇਨਤੀ ਕਰਦੇ ਹਾਂ ਕਿ ਚਿਠੀ ਪਤਰ ਤੇ ਮਨੀਆਰਡਰ ਭੇਜਣ ਸਮੇਂ ਆਪਣਾ ਚਿਟ ਨੰਬਰ ਤੇ ਪੂਰਾ ਪਤਾ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਤੇ ਤੁਹਾਡੇ ਐਡਰੈਸ ਨਾਲ ਚਿਟ ਨੰਬਰ ਲਿਖਿਆ ਹੁੰਦਾ ਹੈ। ਨੋਟ ਕਰੋ।
੨. ਸਭ ਪਾਠਕਾਂ ਦੇ ਐਡਰੈਸ ਚੈਕ ਕਰ ਕੇ ਹਰ ਮਹੀਨੇ ਸਾਰੇ ਦੇ ਸਾਰੇ ਪਰਚੇ ਡਾਕ ਵਿਚ ਇਕੱਠੇ ਭੇਜਦੇ ਹਾਂ। ਜਿਸ ਕਿਸੇ ਨੂੰ ਪਰਚਾ ਨਹੀਂ ਪੁਜਦਾ, ਉਹ ਡਾਕ ਵਿਚ ਗੁੰਮ ਹੁੰਦਾ ਹੈ। ਡਾਕ ਵਿਚੋਂ ਕਾਫ਼ੀ ਪਰਚੇ ਚੋਰੀ ਹੋ ਜਾਂਦੇ ਹਨ। ਜਿਸ ਕਿਸੇ ਨੂੰ ਨਾ ਪਹੁੰਚੇ ਉਹ ਉਸੇ ਮਹੀਨੇ ਲਿਖ ਭੇਜੇ, ਦੁਬਾਰਾ ਭੇਜ ਦਿਆਂਗੇ।
੩. ਛਪਣ ਵਾਲੇ ਕੀਰਤਨ-ਪ੍ਰੋਗਰਾਮ ਹਰ ਮਹੀਨੇ ੨੦ ਤਰੀਕ ਤੋਂ ਪਹਿਲਾਂ ਪੁਜਣੇ ਜ਼ਰੂਰੀ ਹਨ।
੪. ਪਤਾ ਬਦਲਣ ਦੀ ਸੂਚਨਾ ੨੦ ਤਰੀਕ ਤਕ ਦੇ ਦਿਤੀ ਜਾਏ।
੫. ਚੰਦਾ ਖਤਮ ਹੋਣ ਦੀ ਪਰਚੇ ਪਿਛੇ ਲਗੀ ਮੋਹਰ ਨੂੰ ਵੇਖਦੇ ਸਾਰ ਆਪਣਾ ਚੰਦਾ ਭੇਜ ਦਿਓ ਜੀ।



www.AKJ.Org

# ਗੁਰ-ਤੀਰਥ ਯਾਤ੍ਰਾ

[ਵਲੋਂ—ਪ੍ਰਿੰਸੀਪਲ ਸੁਜਾਨ ਸਿੰਘ ਜੀ, ਗੁਰਦਾਸਪੁਰ]

ਅਮਰਦਾਸ ਜੀ ਡੋਲੀ ਦੇ ਨਾਲ ਨਾਲ ਚੱਲ ਰਹੇ ਸਨ। ਡੋਲੀ ਵਿਚ ਬੀਬੀ ਅਮਰੋ ਬੈਠੀ ਸੀ। ਇਹ ਤੜਕਸਾਰ ਹੀ ਬਾਸਰਕੇ ਤੋਂ ਤੁਰ ਪਏ ਸਨ। ਮਾਣਕ ਚੰਦ ਨੇ ਅਮਰਦਾਸ ਜੀ ਨੂੰ ਆਪਣਾ ਘੋੜਾ ਲੈ ਜਾਣ ਲਈ ਕਿਹਾ ਸੀ, ਪਰ ਉਹ ਨਹੀਂ ਸਨ ਮੰਨੇ। ਉਹਨਾਂ ਕਿਹਾ ਸੀ, "ਤੁਸੀਂ ਘੋੜਾ ਕਹਿੰਦੇ ਹੋ, ਮੇਰੇ ਲਈ ਤਾਂ ਜੋੜਾ ਪਾਉਣਾ ਵੀ ਪਾਪ ਹੈ। ਤੀਰਥ ਤੇ ਜਾਂਦਿਆਂ ਸਵਾਰੀ ਨਹੀਂ ਕਰਨੀ ਚਾਹੀਦੀ ਤੇ ਮੈਂ ਗੁਰ-ਤੀਰਥ ਦੇ ਦਰਸ਼ਨਾਂ ਨੂੰ ਚੱਲਿਆ ਹਾਂ।"

"ਪਰ ਤੁਸੀਂ ਮੇਰੇ ਵੱਡੇ ਭਰਾ ਹੋ। ਗੁਰੂ ਜੀ ਤੁਹਾਡੇ ਵੀ ਕੁੜਮ ਹਨ। ਤੁਹਾਨੂੰ ਆਪਣੇ ਰਿਸ਼ਤੇ ਦੀ ਵਡਿਆਈ ਦਾ ਖ਼ਿਆਲ ਰਖਣਾ ਚਾਹੀਦਾ ਹੈ।"

"ਭਰਾਵਾ, ਕੁਝ ਹੋਰ ਨਾ ਕਹੀਂ", ਅਮਰਦਾਸ ਜੀ ਨੇ ਕਿਹਾ ਸੀ, "ਮੈਂ ਗੁਰੂ ਜੀ ਦੇ ਦਰਸ਼ਨ ਕਰਨ ਦਾਸ ਬਣ ਕੇ ਜਾ ਰਿਹਾ ਹਾਂ। ਚੰਗਾ ਹੈ ਜੇ ਕੁੜਮ-ਪੁਣੇ ਦੇ ਮਾਣ ਤੂੰ ਵੀ ਛਡ ਛੱਡੇਂ।"

ਮਾਣਕ ਚੰਦ ਨੇ ਡੋਲੀ ਦੇ ਨਾਲ ਪਿੰਡ ਦੇ ਦੋ ਚਾਰ ਆਦਮੀ ਹੋਰ ਭੇਜ ਦਿਤੇ ਸਨ, ਜੋ ਸੂਰਜ ਚੜ੍ਹਨ ਤੋਂ ਮਗਰੋਂ ਪੰਜਾਂ ਕੁ ਕੋਹਾਂ ਤੇ ਉਨ੍ਹਾਂ ਨੂੰ ਵਿਦਾ ਕਰ ਕੇ ਮੁੜ ਆਏ ਸਨ। ਡੋਲੀ ਚੁੱਕਣ ਵਾਲੇ ਤੇ ਅਮਰਦਾਸ ਜੀ ਇਲਾਕੇ ਦੇ ਜਾਣੂੰ ਸਨ। ਕਦੇ ਜਰਨੈਲੀ ਸੜਕ ਨੂੰ ਫੜਦੇ ਕਦੇ ਛੱਡਦੇ, ਪਹਿਆ ਪਗਡੰਡੀਆਂ ਤੇ ਤੁਰ ਕੇ ਰਾਹ ਛੋਟਾ ਕਰਦੇ ਉਹ ਤੁਰੇ ਜਾ ਰਹੇ ਸਨ।

ਬੀਬੀ ਅਮਰੋ ਡੋਲੀ ਤੇ ਬੈਠਣ ਲਈ ਤਿਆਰ ਨਹੀਂ ਸੀ। ਉਸ ਨੂੰ ਇਹ ਮਨਜ਼ੂਰ ਨਹੀਂ ਸੀ ਕਿ ਉਸ ਦੇ ਪਤੀ ਦੇ ਤਾਇਆ ਜੀ ਤਾਂ ਨੰਗੇ ਪੈਰੀਂ ਪੈਦਲ ਤੁਰਨ ਤੇ ਉਹ ਡੋਲੀ ਵਿਚ ਬੈਠੇ। ਪਰ ਅਮਰਦਾਸ ਜੀ ਨੇ ਕਿਹਾ ਸੀ, "ਬੇਟੀ, ਤੂੰ ਆਮ ਆਦਮੀ ਦੀ ਧੀ ਨਹੀਂ। ਤੂੰ ਗੁਰੂ ਪੁਤਰੀ ਹੈਂ। ਤੂੰ ਗੁਰੂ ਨਾਲ ਮਿਲਾਉਣ ਦਾ ਮੇਰਾ ਵਸੀਲਾ ਹੈਂ। ਤੂੰ ਗੁਰੂ ਅੱਗੇ ਮੇਰੀ ਸਿਫਾਰਸ਼ ਕਰਨੀ ਹੈ। ਗੁਰੂ ਦੇ ਦਾਸ ਨਾਲ ਗੁਰੂ ਦੀ ਪੁਤਰੀ ਤੁਰ ਕੇ ਜਾਵੇ? ਇਹ ਤਾਂ ਮੈਂ ਕਦੇ ਵੀ ਨਹੀਂ ਮੰਨ ਸਕਦਾ। ਨਾਲੇ ਤੂੰ ਮਾਣਕ ਚੰਦ ਦੀ ਨੂੰਹ ਹੈ। ਉਹ ਤੈਨੂੰ ਪੈਦਲ ਕਿਵੇਂ ਤੁਰਨ ਦੇਵੇਗਾ।"

ਬੀਬੀ ਅਮਰੋ ਨੂੰ ਸਦਾ ਸਹੁਰੇ ਸੱਸ ਤੇ ਆਪਣੇ ਪਤੀ ਦੀ ਆਗਿਆ ਪਾਲਣ ਦੀ ਸਿਖਿਆ ਪ੍ਰਾਪਤ ਹੋਈ ਸੀ। ਮਜਬੂਰਨ ਉਸ ਨੂੰ ਡੋਲੀ ਦੀ ਸਵਾਰੀ ਕਰਨੀ ਪਈ ਸੀ। ਕੋਮਲ ਦਿਲ ਬੀਬੀ ਕਦੀ ਪਾਣੀ ਕਦੀ ਰੋਟੀ, ਕਦੀ ਕੋਈ ਥਾਂ ਵੇਖਣ ਦੇ ਬਹਾਨੇ ਕਹਾਰਾਂ ਨੂੰ ਥੋੜੀ ਥੋੜੀ ਦੂਰ ਸਾਹ ਲੈਣ ਤੇ ਅਰਾਮ ਕਰਨ ਦਾ ਮੌਕਾ ਦਿਵਾਈ ਜਾਂਦੀ ਸੀ।

ਰਸਤੇ ਵਿਚ ਅਮਰਦਾਸ ਜੀ ਬੀਬੀ ਨੂੰ ਬਾਬੇ ਨਾਨਕ ਦੀ ਬਾਣੀ ਸੁਣਾਉਣ ਦੀ ਬੇਨਤੀ ਕਰਦੇ ਤਾਂ ਬੀਬੀ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਆਪਣੇ ਗੁਰੂ ਪਿਤਾ ਜੀ ਦੇ ਕੰਠ ਕੀਤੇ ਸਲੋਕ ਤੇ ਸ਼ਬਦ ਸੁਣਾਉਂਦੇ ਜਾਂਦੇ। ਉਨ੍ਹਾਂ ਗੁਰੂ ਨਾਨਕ ਦੇਵ ਜੀ ਦੀ ਆਸਾ ਰਾਗ ਦੀ ਵਾਰ ਵਿਚੋਂ ਵੀ ਪਹਿਲੀਆਂ ਕੁਝ ਪਉੜੀਆਂ ਸੁਣਾਈਆਂ, ਜਿਨ੍ਹਾਂ ਨੂੰ ਸੁਣ ਕੇ ਅਮਰਦਾਸ ਜੀ ਗਦ ਗਦ ਹੋ ਗਏ। ਬਾਣੀ ਸੁਣਦੇ ਤੇ ਮਨ ਵਿਚ ਵਸਾਉਂਦੇ ਜਿਉਂ ਜਿਉਂ ਉਹ ਖਡੂਰ ਸਾਹਿਬ ਦੇ ਨੇੜੇ ਨੇੜੇ ਪਹੁੰਚਦੇ ਜਾਂਦੇ, ਉਨ੍ਹਾਂ ਦਾ ਗੁਰੂ ਸਾਹਿਬ ਤੇ ਭਰੋਸਾ ਵਧੇਰੇ ਤੋਂ ਵਧੇਰੇ ਦ੍ਰਿੜ੍ਹ ਹੁੰਦਾ ਜਾਂਦਾ ਤੇ ਪਰਮਾਤਮਾ ਦਾ ਮੂਲ ਮੰਤ੍ਰੀ ਸੰਕਲਪ ਹੋਰ ਹੋਰ ਪੱਕਾ ਹੁੰਦਾ ਜਾਂਦਾ।

ਬਾਣੀ ਦਾ ਉਨ੍ਹਾਂ ਤੇ ਭਰਪੂਰ ਪ੍ਰਭਾਵ ਪੈ ਰਿਹਾ



www.AKJ.Org

ਸੀ, ਪਰ ਕਈ ਤੁਕਾਂ ਵਿਸ਼ੇਸ਼ ਕਰਕੇ ਉਨ੍ਹਾਂ ਦੇ ਹਿਰਦੇ ਨੂੰ ਵਿੰਨ੍ਹ ਜਾਂਦੀਆਂ ਸਨ। ਇਸ ਵਿੱਝਣ ਵਿਚ ਐਸਾ ਸੁਆਦ ਸੀ ਕਿ ਹਿਰਦਾ ਵਿੱਝਿਆ ਜਾ ਕੇ ਹੋਰ ਵਿਝਿਆ ਜਾਣਾ ਲੋਚਦਾ ਸੀ।

ਮੂਲ ਮੰਤਰ ਤਾਂ ਬੀਬੀ ਨੇ ਦੂਜੇ ਦਿਨ ਹੀ ਤਾਇਆ ਜੀ ਨੂੰ ਕੰਠ ਕਰਾ ਦਿਤਾ ਸੀ। ਬੀਬੀ ਦਾ ਦੱਸਿਆ ਮੂਲ ਮੰਤਰ ਦਾ ਭਾਵ ਉਨ੍ਹਾਂ ਦੇ ਹਿਰਦੇ ਵਿਚ ਸਮਾ ਗਿਆ ਸੀ। ਉਹ ਮੂਲ ਮੰਤਰ ਦਾ ਸੁਤੇ ਸਿਧ ਜਾਪ ਕਰਨ ਲੱਗ ਪਏ ਸਨ। ਪਉੜੀਆਂ ਵਿਚੋਂ ਉਨ੍ਹਾਂ ਨੂੰ ਮੂਲ ਮੰਤਰ ਦੀ ਵਿਆਖਿਆ ਪ੍ਰਾਪਤ ਹੁੰਦੀ ਸੀ ਤੇ ਭਾਵ ਦੀ ਸਪੱਸ਼ਟਤਾ ਹੁੰਦੀ ਸੀ।

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ
ਕਰਿ ਆਸਣੁ ਡਿਠੋ ਚਾਉ॥

ਵਿਚ ਉਨ੍ਹਾਂ ਨੂੰ ਮੂਲ ਮੰਤਰ ਦੇ 'ਕਰਤਾ' ਤੇ 'ਸੈਭੰ' ਦੀ ਅਤਿਅੰਤ ਸੁੰਦਰ ਤੇ ਮਨਮੋਹਕ ਵਿਆਖਿਆ ਲੱਭਦੀ ਸੀ। ਇਸ ਪਉੜੀ ਵਿਚੋਂ ਉਨ੍ਹਾਂ ਨੂੰ ਸ੍ਰਿਸ਼ਟੀ ਰਚਨਾ, ਪਰਮਾਤਮਾ ਦੀ ਅੰਤਰਯਾਮਤਾ ਤੇ ਜਾਣੀਜਾਣਤਾ, ਉਸ ਦੀ ਮਹਾਨ ਦੇਣ ਸਮਰੱਥਾ ਅਤੇ ਅਪਾਰ ਬਲ ਦੇ ਸੰਕੇਤ ਮਿਲਦੇ ਸਨ। ਦੂਜੀ ਪਉੜੀ ਵਿਚੋਂ ਸੱਚੇ ਪਾਤਸ਼ਾਹ ਦੇ ਸੱਚੇ ਨਿਆਂ ਦੇ ਅਧਾਰ ਤੇ ਠਗਣ ਵਾਲਿਆਂ ਅਤੇ ਕੂੜਿਆਰਾਂ ਨੂੰ ਸਜ਼ਾ ਤੇ ਨਾਮ-ਰੱਤੇ ਸਚਿਆਰਾਂ ਨੂੰ ਜੀਵਨ-ਜਿੱਤ ਦੀ ਪ੍ਰਾਪਤੀ ਦਾ ਭਰੋਸਾ ਮਿਲਦਾ ਸੀ। ਤੀਜੀ ਪਉੜੀ ਤਾਂ ਇਉਂ ਜਾਪਦਾ ਸੀ ਕਿ ਜਿਵੇਂ ਸਤਿਗੁਰੂ ਨਾਨਕ ਦੇਵ ਜੀ ਨੇ ਵਿਸ਼ੇਸ਼ ਕਰਕੇ ਉਨ੍ਹਾਂ ਲਈ ਹੀ ਲਿਖੀ ਹੋਵੇ। ਉਹ ਪ੍ਰਤੀਤ ਕਰਨ ਲਗ ਪਏ ਸਨ ਉਹ ਉਨ੍ਹਾਂ ਦੇ ਦੱਸੇ ਅੰਨ੍ਹੇ ਮਨ ਵਾਲੇ ਦੁਨੀਦਾਰ ਆਪ ਹਨ। ਪਰ ਚੌਥੀ ਪਉੜੀ ਉਨ੍ਹਾਂ ਦਾ ਧੀਰਜ ਬਨ੍ਹਾਂਉਂਦੀ ਸੀ।

ਪਉੜੀ—ਨਦਰਿ ਕਰਹਿ ਜੇ ਆਪਣੀ
ਤਾ ਨਦਰੀ ਸਤਿਗੁਰੁ ਪਾਇਆ।
ਏਹੁ ਜੀਉ ਬਹੁਤੇ ਜਨਮ ਭਰੰਮਿਆ
ਤਾ ਸਤਿਗੁਰਿ ਸਬਦੁ ਸੁਣਾਇਆ॥
ਸਤਿਗੁਰ ਜੇਵਡੁ ਦਾਤਾ ਕੋ ਨਹੀ
ਸਭਿ ਸੁਣਿਅਹੁ ਲੋਕ ਸਬਾਇਆ॥
ਸਤਿਗੁਰਿ ਮਿਲਿਐ ਸਚੁ ਪਾਇਆ
ਜਿਨ੍ਹੀ ਵਿਚਹੁ ਆਪੁ ਗਵਾਇਆ॥
ਜਿਨਿ ਸਚੋ ਸਚੁ ਬੁਝਾਇਆ॥

ਪੰਜਵੀਂ ਪਉੜੀ ਉਨ੍ਹਾਂ ਨੂੰ ਇਕ ਨਵਾਂ ਰਸਤਾ ਦੱਸਦੀ ਸੀ, ਆਸ ਬੰਨ੍ਹਾਉਂਦੀ ਸੀ। ਇਸ ਵਿਚੋਂ "ਮੈਂ" ਨੂੰ ਕਾਬੂ ਕਰਨ ਅਥਵਾ "ਹਉਮੈ ਨੂੰ ਤਿਆਗਣ ਦੇ ਗੁਰੂ ਨਾਨਕ ਦੇਵ ਜੀ ਵੱਲੋਂ ਦੱਸੇ ਢੰਗ ਪ੍ਰਤਖ ਹੁੰਦੇ ਸਨ। ਕਿਸੇ ਨੂੰ ਦੇ ਕੇ ਜੇ ਫੇਰ ਆਪ ਭੋਜਨ ਕਰਦੇ ਹੋ ਤਾਂ ਇਸ ਤੇ ਵੀ ਮਾਣ ਨਾ ਕਰੋ; ਜੇ ਆਪਣਾ ਭਲਾ ਚਾਹੁੰਦੇ ਹੋ ਤਾਂ ਲੋਕ-ਭਲਾਈ ਦੇ ਸੁਭ ਕੰਮ ਕਰ ਕੇ ਹੰਕਾਰੇ ਨਾ ਜਾਓ। ਮੌਤ ਨੇ ਇਕ ਦਿਨ ਜ਼ਰੂਰ ਆਉਣਾ ਹੈ। ਪ੍ਰਮਾਤਮਾ ਸਰੀਰ-ਧਾਰੀ ਨਹੀਂ, ਨਾ ਹੀ ਉਸ ਦਾ ਕੋਈ ਚਿਤਰ ਜਾਂ ਮੂਰਤੀ ਹੈ। ਉਹ ਨਿਰ-ਅਕਾਰ ਹੈ ਇਸ ਲਈ ਉਸ ਦੀ ਮੂਰਤੀ ਕਿਵੇਂ ਹੋ ਸਕਦੀ ਹੈ। ਉਸ ਦੇ ਨਾਮ ਨੂੰ ਮਨ ਵਿਚ ਵਸਾਇਆਂ ਮੁਕਤੀ ਤੇ ਸਚਖੰਡ ਵਿਚ ਵਾਸਾ ਮਿਲਦਾ ਹੈ।

ਇਸ ਤਰ੍ਹਾਂ ਬੀਬੀ ਅਮਰੋ ਤੋਂ ਬਾਣੀ ਸੁਣਦੇ ਵਿਚਾਰਦੇ, ਮਨ ਦੀ ਅੱਖ ਅਗੇ ਕਲਪਨਾ-ਚਿੱਤਰ ਖੜੇ ਕਰਦੇ, ਉਹ ਖਡੂਰ ਦੇ ਲਾਗੇ ਪਹੁੰਚ ਰਹੇ ਸਨ। ਪਰਛਾਵਿਆਂ ਤੋਂ ਪਹਿਲਾਂ ਉਹ ਤੁਰੇ ਸਨ, ਦਿਨ ਚੜ੍ਹਿਆਂ ਲੰਮੇ ਪਰਛਾਵੇਂ ਪਿਛੇ ਪੈਂਦੇ ਦਿਸਦੇ ਨਹੀਂ ਸਨ, ਕਦੇ ਉਦੋਂ ਹੀ ਦਿਸਦੇ ਸਨ ਜਦੋਂ ਤੁਰਨ ਵਾਲਿਆਂ ਦਾ ਰੁਖ ਪੂਰਬ ਤੋਂ ਰਾਹ ਦੇ ਵਿੰਗ ਕਾਰਨ ਸੱਜੇ ਜਾਂ ਖੱਬੇ ਮੁੜਦਾ ਸੀ। ਉਨ੍ਹਾਂ ਨੇ ਰਸਤੇ ਵਿਚ ਕਈ ਵਾਰ ਆਰਾਮ ਕੀਤਾ ਸੀ, ਸਭ ਤੋਂ ਬਹੁਤ ਓਦੋਂ ਜਦੋਂ ਪਰਛਾਵੇਂ ਪੈਰਾਂ ਵਿਚ ਪੈਂਦੇ ਸਨ ਤੇ ਹੁਣ ਜਦੋਂ ਉਹ ਖਡੂਰ ਦੀ ਜੂਹ ਵਿਚ ਵੜੇ, ਲੰਮੇ ਪਰਛਾਵੇਂ ਅੱਗੇ ਵੱਲ ਪੈ ਰਹੇ ਸਨ। ਸ਼ਾਇਦ ਡੋਲੇ ਵਾਲਿਆਂ ਦੀ ਚਾਲ ਡੋਲੇ ਦੇ ਭਾਰ ਨੇ ਤਿੱਖੀ ਕਰ ਦਿਤੀ ਸੀ, ਪਰ ਅਮਰਦਾਸ ਜੀ ਦੇ ਕਦਮ ਗੁਰੂ ਮਿਲਣ ਦੀ ਉਤਸੁਕਤਾ


www.AKJ.Org

ਨੇ ਤੇਜ਼ ਕਰ ਦਿਤੇ ਸਨ । ਪਿੰਡ ਨਜ਼ਰ ਪੈਂਦਿਆਂ ਹੀ ਅਮਰਦਾਸ ਜੀ ਨੇ ਮਥਾ ਟੇਕਿਆ । ਉਹ ਛੇਤੀ ਹੀ ਗੁਰੂ ਜੀ ਦੇ ਨਿਵਾਸ ਅੱਗੇ ਜਾ ਪਹੁੰਚੇ। ਬੀਬੀ ਅਮਰੋ ਜੀ ਡੋਲੇ ਵਿਚੋਂ ਨਿਕਲੇ। ਇਕ ਸਿਖ ਨੇ ਭੱਜ ਕੇ ਗੁਰੂ ਜੀ ਨੂੰ ਖਬਰ ਦਿਤੀ। ਗੁਰੂ ਜੀ ਆਸਨ-ਅਸੀਨ ਸਨ । ਇੰਨੇ ਨੂੰ ਬੀਬੀ ਅਮਰੋ ਪਹੁੰਚ ਪਏ ਅਤੇ ਗੁਰੂਨਾਨਕ ਦੀ ਜੋਤਿ ਨੂੰ ਸੀਸ ਨਿਵਾ-ਇਆ ਤੇ ਨਾਮ-ਪ੍ਰਾਪਤੀ ਦੀ ਅਸੀਸ ਪ੍ਰਾਪਤ ਕੀਤੀ। ਪਰ ਬੀਬੀ ਜੀ ਹੱਥ ਜੋੜ ਕੇ ਕਹਿਣ ਲੱਗੇ, ''ਪਿਤਾ ਜੀ, ਅਵੱਗਿਆ ਲਈ ਖਿਮਾ। ਆਪ ਦੀ ਆਗਿਆ ਤੋਂ ਬਿਨਾਂ ਆ ਗਈ ਹਾਂ, ਭੈ ਲਗਦਾ ਹੈ।''

ਗੁਰੂ ਜੀ ਮੁਸਕਰਾਏ, ਜਿਸ ਨੇ ਬੱਚੀ ਦਾ ਭੈ ਝਟ ਪਟ ਨਿਵਾਰਨ ਕਰ ਦਿਤਾ।

ਮੁਸਕਰਾਉਂਦਿਆਂ ਬਚਨ ਹੋਏ, "ਜਿਹੜੇ ਨਾਲ ਆਏ ਨੇ ਉਨ੍ਹਾਂ ਨੂੰ ਅੰਦਰ ਕਿਉਂ ਨਹੀਂ ਲਿਆਂਦਾ?''

''ਪਿਤਾ ਜੀ, ਮੈਂ ਧਰਮ ਪਿਤਾ ਜੀ ਦੇ ਵੱਡੇ ਭਾਈ ਜੀ ਦੇ ਨਾਲ ਆਈ ਹਾਂ । ਉਹ ਤੁਹਾਡੀ ਹਜ਼ੂਰੀ ਵਿਚ ਆਉਣ ਦੀ ਆਗਿਆ ਮੰਗਦੇ ਹਨ।''

ਇਕ ਸਿੱਖ ਨੂੰ ਬਚਨ ਹੋਇਆ, "ਉਨ੍ਹਾਂ ਨੂੰ ਆਦਰ ਸਹਿਤ ਅੰਦਰ ਲੈ ਆਓ।''

ਬੀਬੀ ਜੀ ਵੀ ਮਗਰੇ ਗਏ। ਅਮਰਦਾਸ ਜੀ ਨੇ ਬੂਹੇ ਵੜਦਿਆਂ ਹੱਥ ਜੋੜ ਕੇ ਸਿਰ ਨਿਵਾਇਆ। ਹੌਲੀ ਹੌਲੀ ਅੱਗੇ ਵੱਧੇ । ਮਰਯਾਦਾ ਪੁਰਸ਼ੋਤਮ ਸਤਿਗੁਰੂ ਬੀਬੀ ਦੇ ਧਰਮ-ਪਿਤਾ ਦੇ ਵਡੇ ਭਾਈ ਦੇ ਸਨਮਾਨ ਲਈ ਆਸਣ ਤੋਂ ਉਠਣ ਹੀ ਲਗੇ ਸਨ ਕਿ ਅਮਰਦਾਸ ਜੀ ਦੌੜੇ ਤੇ ਗੁਰੂ ਜੀ ਦੇ ਚਰਨਾਂ ਤੇ ਸਿਰ ਰਖ ਦਿਤਾ ਤੇ ਸਿਰ ਚੁਕਣ ਹੀ ਨਾ। ਗੁਰੂ ਜੀ ਨੇ ਮਹਿਸੂਸ ਕੀਤਾ, ਅਥਰੂ ਉਨ੍ਹਾਂ ਦੇ ਚਰਨਾਂ ਨੂੰ ਧੋ ਰਹੇ ਹਨ। ਆਦਰ ਨਾਲ ਸੀਸ ਚਰਨਾਂ ਤੋਂ ਚੁੱਕਿਆ ਤੇ ਬਚਨ ਹੋਇਆ, "ਗੁਰੂ ਨਾਨਕ ਦੇ ਦਰ ਤੋਂ ਨਾਮ ਦਾਨ ਪ੍ਰਾਪਤ ਹੋਵੇ।''

ਫੇਰ ਗੁਰੂ ਜੀ ਨੇ ਡੋਲੀ ਦੇ ਸੇਵਾਦਾਰਾਂ ਦੀ ਸੇਵਾ ਲਈ ਹਜ਼ੂਰੀ ਸਿਖਾਂ ਨੂੰ ਆਦੇਸ਼ ਕੀਤਾ।

ਸਿਖ ਇਕੱਤਰ ਹੋ ਰਹੇ ਸਨ। ਸੰਧਿਆ ਵੇਲੇ ਦਾ ਗੁਰ ਦਰਬਾਰ ਲੱਗਣ ਵਾਲਾ ਸੀ। ਰਬਾਬੀ ਕੀਰਤਨ ਦੀਆਂ ਤਿਆਰੀਆਂ ਕਰ ਰਹੇ ਸਨ।

[ਪੁਸਤਕ ''ਅਮਰ-ਗੁਰ-ਜੋਤਾਂ'' ਵਿਚੋਂ

# ਮਨਮਤਿ ਤੇ ਗੁਰਮਤਿ

*ਮਨਮਤਿ*—ਅਜ ਕਲ ਵਿਆਹਾਂ ਵਿਚ ਸ਼ਰਾਬਾਂ ਪੀ ਕੇ ਭੰਗੜਾ ਪਾਉਣ ਦਾ ਰਿਵਾਜ ਵਧੀ ਜਾਂਦਾ ਹੈ। ਜਾਂਞੀ ਭੂਤਨਿਆਂ ਵਾਂਗ ਨਚਦੇ ਟਪਦੇ, ਊਲ ਜਲੂਲ ਬਕਦੇ ਜਾਂਦੇ ਹਨ। ਜਦ ਅਜਿਹੀ ਭੂਤਨਿਆਂ ਦੀ ਜੰਞ ਵਿਆਹ ਵਾਲੇ ਘਰ ਪੁਜਦੀ ਹੈ ਤਾਂ ਅਗੋਂ "ਹਮ ਘਰਿ ਸਾਜਨ ਆਏ'' ਦੇ ਸ਼ਬਦ ਨਾਲ ਸੁਆਗਤ ਕੀਤਾ ਜਾਂਦਾ ਹੈ। ਭਾਈ ਜੀ ਰਸਮ ਪੂਰੀ ਕਰ ਰਹੇ ਹੁੰਦੇ ਹਨ ਤੇ ਸ਼ਬਦ ਵਲ ਕਿਸੇ ਦਾ ਧਿਆਨ ਨਹੀਂ ਹੁੰਦਾ। ਫਿਰ 'ਜੈਮਾਲਾ' ਪਾਉਣ ਦੀ ਮਨਮਤਿ ਚਲ ਪਈ ਹੈ। ਅੰਮ੍ਰਿਤ ਵੇਲੇ ਦੀ ਥਾਂ ਦੁਪਹਿਰ ਵੇਲੇ ਕਿਸੇ ਰਾਗੀ ਤੋਂ ਦੋ ਸ਼ਬਦ ਪੂਰੇ ਕਰਾ ਕੇ ਲਾਵਾਂ ਦੀ ਰਸਮ ਪੂਰੀ ਕਰਦੇ ਹਨ। ਲਾਵਾਂ ਪੜ੍ਹਾ ਕੇ ਫਿਰ ਸਾਰਾ ਜ਼ੋਰ ਸਿਹਰਿਆਂ, ਅਸੀਸਾਂ ਅਤੇ ਵੇਲਾਂ ਕਰਾਉਣ ਤੇ ਲਾਇਆ ਜਾਂਦਾ ਹੈ। ਭਾਈ ਜੀ ਵਧ ਚੜ੍ਹ ਕੇ ਕਲਿਆਣਾਂ ਕਰਦੇ ਹਨ। ਖਾਣਿਆਂ ਵਿਚ ਭਾਂਤੋ ਭਾਂਤ ਮੀਟ ਤੇ ਸ਼ਰਾਬਾਂ ਉਡਦੀਆਂ ਹਨ। ਮਨਮਤਿ ਦੀ ਕੋਈ ਕਸਰ ਛਡੀ ਨਹੀਂ ਜਾਂਦੀ, ਪਰ ਦੂਜੇ ਦਿਨ ਅਖਬਾਰਾਂ ਵਿਚ ਮੁੰਡੇ ਕੁੜੀ ਦੀ ਫੋਟੋ ਹੇਠਾਂ ਛਪਿਆ ਵੇਖਿਆ ਜਾਂਦਾ ਹੈ—ਇਸ ਜੋੜੀ ਦਾ ਪੂਰਨ ਗੁਰਮਤਿ ਮਰਯਾਦਾ ਅਨੁਸਾਰ ਅਨੰਦ ਕਾਰਜ ਹੋਇਆ। ਇਹ ਗੁਰਮਤਿ ਨਾਲ ਧੋਖਾ ਤੇ ਫ਼ਰੇਬ ਠਗੀ ਨਹੀਂ।

*ਗੁਰਮਤਿ*—ਗੁਰਮਤਿ-ਵਿਵਾਹ ਗੁਰਮਤਿ-ਸਮਾਗਮਾਂ ਵਿਚ ਹੀ ਸੋਭਦੇ ਹਨ । ਗੁਰਸਿਖ ਪਰਵਾਰ ਅੰਮ੍ਰਿਤ ਵੇਲੇ ਕਿਸੇ ਅਸਥਾਨ ਤੇ ਗੁਰੂ-ਹਜ਼ੂਰੀ ਵਿਚ ਜੁੜ ਕੇ ਆਸਾ ਦੀ ਵਾਰ ਦੇ ਕੀਰਤਨ-ਰੰਗ ਮਾਣਦੇ ਹਨ। ਕੀਰਤਨ ਉਪਰੰਤ ਬੜੀ ਸਾਦਗੀ ਨਾਲ ਬੱਚੇ ਬੱਚੀ ਦਾ ਅਨੰਦ ਕਾਰਜ ਕਰਦੇ ਹਨ। ਕੋਈ ਲੋਕ-ਲਾਜ਼ੀ ਅਡੰਬਰ ਨਹੀਂ ਕਰਦੇ : ਨਾ ਘੋੜੀ, ਨਾ ਵਾਜੇ ਗਾਜੇ, ਨਾ ਭੰਗੜੇ, ਨਾ ਬਿਜਲੀਆਂ ਦੀ ਨੁਮਾਇਸ਼ । ਗੁਰਸਿਖ ਪਰਵਾਰ ਗੁਰੂ ਕੇ ਹੁਕਮੀ ਬੰਦੇ ਹੋਇ ਕੇ ਗੁਰੂ ਦੇ ਹੁਕਮ ਅੰਦਰ ਹੀ ਰਹਿੰਦੇ ਹਨ ਅਤੇ ਗੁਰਮਤਿ ਤੇ ਪੂਰਾ

www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਕਾਰਾ (੧੩)

[ਵਲੋਂ:—ਕੈਪਟਨ ਸਵਰਨ ਸਿੰਘ ਜੀ, ਘੜਿਆਲਾ]

## *ਖਾਲਸੇ ਨੂੰ ਕੁਝ ਸੁਨਹਿਰੀ ਸਮਾਂ ਮਿਲਿਆ—*

ਅਹਿਮਦ ਸ਼ਾਹ ਅਬਦਾਲੀ ਆਪਣੇ ਮੁਲਕ ਦੀ ਅੰਦਰੂਨੀ ਗੜਬੜ ਵਿਚ ਏਨਾ ਰੁਝ ਗਿਆ ਸੀ ਕਿ ਆਪ ਸਿੰਘਾਂ ਦੀ ਸਿਰਕੋਬੀ (ਫ਼ਤਹ ਕਰਨ) ਲਈ ਨਾ ਆ ਸਕਣ ਕਰਕੇ ਆਪਣੀ ਥਾਵੇਂ ਜਹਾਨ ਖ਼ਾਨ ਨੂੰ ਭੇਜਿਆ ਸੀ। ਜਿਸ ਨੂੰ ਖਾਲਸਾ ਦਲ ਨੇ ਸਿਆਲਕੋਟੋਂ ਬੁਰੀ ਤਰ੍ਹਾਂ ਭਜਾ ਕੇ ਅਟਕ ਟਪਾ ਦਿਤਾ ਸੀ। ਹੁਣ ਉੱਤਰ ਵਲੋਂ ਕੋਈ ਤਕੜੀ ਫ਼ੌਜ ਛੇਤੀ ਛੇਤੀ ਆ ਕੇ ਸਿੰਘਾਂ ਨੂੰ ਰੋਕ ਪਾਵੇ, ਕੁਝ ਸਮੇਂ ਤਕ ਇਸ ਦੀ ਆਸ ਨਹੀਂ ਸੀ। ਅਬਦਾਲੀ ਦੇ ਕਿਸੇ ਵੀ ਕੱਲੇ ਕਾਰੇ ਵੱਡੇ ਤੋਂ ਵੱਡੇ ਜਰਨੈਲ ਦੀ ਵੀ ਹਿੰਮਤ ਨਹੀਂ ਸੀ ਕਿ ਅਟਕ ਟੱਪ ਕੇ ਪੰਜਾਬ ਵਿਚ ਆ ਕੇ ਸਿੰਘਾਂ ਨੂੰ ਨਿਵਾਂ ਸਕੇ। ਅਹਿਮਦ ਸ਼ਾਹ ਦੰਦ ਪੀਹ ਰਿਹਾ ਸੀ ਅਤੇ ਸਿੰਘ ਪੰਜਾਬ ਵਿਚ ਉਸ ਦੇ ਪਰਬੰਧ ਦੀਆਂ ਧਜੀਆਂ ਉਡਾ ਰਹੇ ਸਨ। ਉਸ ਦੇ ਅਨੁਸਾਰੀਆਂ ਅਤੇ ਕੱਠ-ਪੁਤਲੀਆਂ ਨੂੰ ਨੱਕ ਰਾਹੀਂ ਲੋਹੇ ਦੇ ਚੰਨੇ ਚਬਾ ਰਹੇ ਸਨ। ਅਹਿਮਦ ਸ਼ਾਹ ਨੂੰ ਇਹ ਚੰਗੀ ਤਰ੍ਹਾਂ ਮਹਿਸੂਸ ਹੋ ਗਿਆ ਸੀ ਕਿ ਸਿੰਘਾਂ ਨੂੰ ਪੰਜਾਬ ਵਿਚੋਂ ਮਲੀਆਮੇਟ ਕਰਨ ਲਈ, ਬੜੀ ਭਾਰੀ ਤਿਆਰੀ ਅਤੇ ਬੇ-ਓੜਕੀਆਂ ਫੌਜਾਂ ਦੀ ਲੋੜ ਹੈ। ਇਕ ਤਕੜਾ ਲਸ਼ਕਰ-ਏ-ਜੱਰਾਰ (ਬੇ-ਇੰਤਹਾ) ਚਾਹੀਦਾ ਹੈ। ਨਾਲ ਹੀ ਦੀਨ ਅਸਲਾਮ ਦੇ ਨਾਉਂ ਉਤੇ ਅਫ਼ਗਾਨਿਸਤਾਨ, ਬਲੋਚਿਸਤਾਨ ਅਤੇ ਪੰਜਾਬ ਦੇ ਆਮ ਮੁਸਲਮਾਨ, ਸਿਖ ਕਾਫ਼ਰਾਂ ਦੇ ਖ਼ਿਲਾਫ਼ ਜਹਾਦ ਦੇ ਲਈ ਅਤੇ ਖੁਲ੍ਹੀ ਲੁੱਟਮਾਰ ਲਈ ਭੜਕਾ ਕੇ ਸਾਥ ਮਿਲਾ ਲਏ ਜਾਣ। ਏਡੀ ਵੱਡੀ ਤਿਆਰੀ ਕਰਕੇ ਹੀ ਇਨ੍ਹਾਂ ਕਾਫ਼ਰ ਸਿਖਾਂ ਦਾ ਹਮੇਸ਼ਾ ਲਈ ਖੁਰਾ ਖੋਜ ਮਿਟਾਇਆ ਜਾ ਸਕਦੈ। ਪਰ ਸਭ ਤੋਂ ਪਹਿਲਾਂ ਅੰਦਰੂਨੀ ਹਾਲਾਤ ਪੂਰੇ ਕਾਬੂ ਵਿਚ ਕੀਤੇ ਜਾਣ, ਤਾ ਕਿ ਪੰਜਾਬ ਦੀ ਇਸ ਵਡੀ ਮੁਹਿੰਮ ਉਤੇ ਗਿਆਂ ਪਿਛੋਂ ਕੋਈ ਤੌਖਲਾ ਨਾ ਰਹੇ।

ਮੁਲਕੀ ਹਾਲਾਤ ਦਰੁਸਤ ਕਰਨ ਲਈ ਕੁਝ ਸਮੇਂ ਦੀ ਲੋੜ ਸੀ। ਅਹਿਮਦ ਸ਼ਾਹ ਚੂੰਕਿ ਬੜਾ ਸਿਆਣਾ ਤੇ ਤਜਰਬਾ ਕਾਰ ਜਰਨੈਲ ਸੀ, ਉਸ ਨੇ ਨਾਲ ਨਾਲ ਇਸ ਜ਼ਬਰਦਸਤ ਮੁਹਿੰਮ ਦੀ ਤਿਆਰੀ ਬੜੇ ਜੰਗੀ ਪੈਮਾਨੇ ਉਤੇ ਕਰਨੀ ਸ਼ੁਰੂ ਕਰ ਦਿਤੀ।

ਜਿੰਨਾ ਚਿਰ ਅਹਿਮਦ ਸ਼ਾਹ ਆਪਣੀ ਮੁਲਕੀ ਗੜਬੜ ਕਾਬੂ ਕਰਨ ਵਿਚ ਅਤੇ ਖਾਲਸੇ ਦੇ ਖ਼ਿਲਾਫ਼ ਤਿਆਰੀ ਕਰਨ ਵਿਚ ਰੁਝਾ ਰਿਹਾ, ਖਾਲਸਾ ਜੀ ਲਈ ਇਹ ਸੁਨਹਿਰੀ ਸਮਾਂ ਸੀ, ਜਿਸ ਦਾ ਖਾਲਸੇ ਨੇ ਚੰਗਾ ਫ਼ਾਇਦਾ ਉਠਾਇਆ।

## *ਖ਼ਾਲਸੇ ਨੇ ਸਰਹੰਦ ਮਾਰ ਲਈ—*

### ਜਨਵਰੀ ੧੭੬੪ ਈਸਵੀ

ਅਬਦਾਲੀ ਦੇ ਰੁਝੇਵੇਂ ਨੇ ਸਿੰਘਾਂ ਨੂੰ ਸੋਹਣਾ ਸਮਾਂ ਦਿਤਾ ਸੀ। ਉੱਤਰ ਵਲੋਂ ਹੁਣ ਉਹ ਕੁਝ ਸਮੇਂ ਲਈ ਨਿਸਚਿੰਤ ਸਨ। ਖਾਲਸੇ ਨੇ ਥਾਉਂ ਥਾਈਂ ਆਪਣੇ ਪਰਬੰਧ ਬਹੁਤ ਮਜ਼ਬੂਤ ਕਰ ਲਏ ਸਨ। ਚਾਰੇ ਕੂੰਟਾਂ ਹੁਣ ਸੰਧ ਲਈਆਂ ਸਨ। ਸਿਰਫ਼ ਸਰਹੰਦ ਦੀ ਹੀ ਰੜਕ ਬਾਕੀ ਸੀ। ਖਾਲਸਾ ਜੀ ਦੇ ਦੀਵਾਲੀ ਦੇ ਗੁਰਮਤੇ ਅਨੁਸਾਰ ਹੁਣ ਸਰਹੰਦ ਨੂੰ ਸੋਧਣ ਲਈ ਸਭ ਤਟ-ਫਟ ਤਿਆਰ ਹੋ ਪਏ। ਸ: ਜੱਸਾ ਸਿੰਘ ਆਹਲੂਵਾਲੀਆ ਵੀ ਜਲੰਧਰ ਦੁਆਬੇ ਦਾ ਪਰਬੰਧ ਦਰੁਸਤ ਕਰ ਚੁਕਿਆ ਸੀ।



www.AKJ.Org

ਉਸ ਨੇ ਭੰਗੀ, ਸ਼ੁਕਰਚਕੀਏ, ਕਨ੍ਹਈਏ ਅਤੇ ਰਾਮਗੜ੍ਹੀਏ ਸਰਦਾਰਾਂ ਨੂੰ ਵੀ ਸੱਦ ਲਿਆ ਸੀ। ਸਾਰਾ ਖਾਲਸਾ ਦਲ ਸ਼ੁਰੂ ਜਨਵਰੀ ਸੰਨ ੧੭੬੪ ਈਸਵੀ ਨੂੰ ਰੋਪੜੋਂ ਸਤਲੁਜ ਪਾਰ ਕਰ ਕੇ ਚੁਪ ਚਾਪ ਚਮਕੌਰ ਸਾਹਿਬ ਆਣ ਇਕੱਠਾ ਹੋਇਆ। ਚਮਕੌਰ ਸਾਹਿਬ ਪੰਜਾਬ ਵਿਚ ਇਕ ਉੱਘਾ ਤਾਰੀਖ਼ੀ ਮੁਕਾਮ ਹੈ। ਇਹ ਉਹੋ ਥਾਂ ਹੈ ਜਿਥੇ ੮ ਪੋਹ ਸੰਮਤ ੧੭੬੨ (੭ ਦਸੰਬਰ ਸੰਨ ੧੭੦੪ਈ:) ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਦਿਲੀ ਦੀਆਂ ਸ਼ਾਹੀ ਫੌਜਾਂ, ਮੁਲਤਾਨ ਲਾਹੌਰ ਦੀਆਂ ਫੌਜਾਂ, ਪਹਾੜੀ ਰਾਜਿਆਂ ਦੀਆਂ ਫੌਜਾਂ, ਮਲੇਰ ਕੋਟਲਾ ਦੀਆਂ ਫੌਜਾਂ ਅਤੇ ਲਖਾਂ ਦੀ ਗਿਣਤੀ ਵਿਚ ਪਠਾਣ, ਰੰਘੜ, ਗੁਜਰ ਮੁਲਖਈਆ ਆਦਿ, ਜੋ ਸਰਹੰਦ ਦੇ ਫੌਜਦਾਰ ਵਜ਼ੀਰ ਖਾਨ ਦੀ ਕਮਾਨ ਥਲੇ ਚੜ੍ਹ ਕੇ ਆਈਆਂ ਸਨ, ਨਾਲ ਯੁਧ ਹੋਇਆ ਸੀ। ਏਥੇ ਏਸੇ ਯੁਧ ਵਿਚ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਸ਼ਹੀਦ ਹੋਏ ਸਨ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਮੁਠੀ ਭਰ ਸਿੰਘਾਂ ਨੇ ਉਹ ਜੰਗੀ ਜੌਹਰ ਦਿਖਾਏ ਸਨ ਕਿ ਸੰਸਾਰ ਭਰ ਦੇ ਹੁਣ ਤਕ ਦੇ ਯੁਧਾਂ ਦੇ ਇਤਿਹਾਸ ਵਿਚ ਕਿਧਰੇ ਇਸ ਕਿਸਮ ਦਾ ਮਿਸਾਲੀ ਸਾਕਾ ਨਹੀਂ ਮਿਲਦਾ। ਇਹ ਸਿੱਖੀ ਦੇ ਹੋਏ ਸਭ ਤੋਂ ਕਰੜੇ ਇਮਤਿਹਾਨ ਦਾ ਮਰਕਜ਼ ਹੈ। ਇਸ ਪਾਕ ਸਰ-ਜ਼ਮੀਨ ਨੇ ਸਵਾ ਸਵਾ ਲਖ ਨਾਲ ਇਕ ਇਕ ਸਿੰਘ ਨੂੰ ਲੜਦਾ ਡਿਠਾ ਹੈ। ਸ਼ਹੀਦਾਂ ਦੇ ਪਵਿਤਰ ਖ਼ੂਨ ਨਾਲ ਰੰਗੀ ਇਸ ਧਰਤੀ ਨੇ "ਪੰਥ ਗੁਰੂ, ਗੁਰ ਚੇਲਾ" ਸਹੀ ਅਰਥਾਂ ਵਿਚ ਬਣਦਾ ਤਕਿਆ ਸੀ। ਏਸੇ ਧਰਤੀ ਤੇ ਅਕਾਸ਼ ਨੇ ਦਸ ਲਖ ਦੇ ਘੇਰੇ ਵਿਚੋਂ ਸਾਹਿਬ ਗੁਰੂ ਕਲਗੀਧਰ ਪਾਤਸ਼ਾਹ ਨੂੰ ਲਲਕਾਰ ਕੇ ਨਿਕਲਦੇ ਨੂੰ ਤੱਕਿਆ ਸੀ। ਅੱਜ ਉਸ ਧਰਤੀ ਉਤੇ ਖਾਲਸਾ ਦਲ ਆਣ ਜੁੜਿਆ ਹੈ।

### *ਲੱਛਮੀ ਨਾਰਾਇਣ ਦੀ ਗਿੱਦੜ ਧਸ–*

ਸਿੰਘਾਂ ਨੇ ਬਣਾ ਕੇ ਅਜੇ ਕਮਰਕੱਸੇ ਵੀ ਨਹੀਂ ਸਨ ਖੋਲ੍ਹੇ ਕਿ ਸੂਹੀਏ ਨੇ ਸ: ਜੱਸਾ ਸਿੰਘ ਨੂੰ ਖ਼ਬਰ ਦਿਤੀ ਕਿ ਸਰਹੰਦ ਦੇ ਫੌਜਦਾਰ ਜ਼ੈਨਖਾਨ ਦਾ ਦੀਵਾਨ ਲਛਮੀ ਨਾਰਾਇਣ ਕੁਰਾਲੀ ਪੜਾ ਰਖ ਕੇ ਚਾਰ ਚੁਫੇਰੇ ਦਿਆਂ ਪਿੰਡਾਂ ਦੀ ਉਗਰਾਹੀ ਕਰਦਾ ਫਿਰਦਾ ਹੈ। ਐਸ ਵੇਲੇ ਚਮਕੌਰ ਸਾਹਿਬ ਦੇ ਨਾਲ ਲਗਵੇਂ ਪਿੰਡਾਂ ਵਿਚ ਹੀ ਬੈਠਾ ਹੈ। ਇਹ ਸੁਣਦਿਆਂ ਹੀ ਖਾਲਸੇ ਨੇ ਉਧਰ ਚੜ੍ਹਾਈ ਕਰ ਦਿਤੀ। ਲਛਮੀ ਨਾਰਾਇਣ ਖਾਲਸੇ ਨੂੰ ਦੂਰੋਂ ਹੀ ਵੇਖ ਕੇ ਸਭ ਕੁਝ ਛਡ ਛੱਡਾ ਕੇ ਸਿਰ ਤੇ ਪੈਰ ਰਖ ਕੇ ਨੱਸ ਗਿਆ ਅਤੇ ਕੁਰਾਲੀ ਜਾ ਕੇ ਦਮ ਲਿਆ। ਸਿੰਘ ਵੀ ਮਗਰੇ ਠੇਡੀਂ ਚੜ੍ਹ ਗਏ ਤੇ ਕੁਰਾਲੀ ਨੂੰ ਤਹਿਸ ਨਹਿਸ ਕਰ ਸੁਟਿਆ। ਉਸ ਦਾ ਸਾਰਾ ਡੇਰਾ ਤੇ ਜੋ ਕੁਝ ਹੁਣ ਤਕ ਉਗਰਾਇਆ ਸੀ, ਸਮੇਤ ਚੰਗੇ ਚੰਗੇ ਘੋੜਿਆਂ ਦੇ ਸਿੰਘਾਂ ਦੇ ਹੱਥ ਲਗਾ। ਏਥੋਂ ਏਨੀ ਦੌਲਤ ਹੱਥ ਲਗੀ ਕਿ ਅਨੇਕਾਂ ਸਿੰਘਾਂ ਦੇ ਫਾਕੇ ਟੁਟ ਗਏ।†

### *ਜ਼ੈਨ ਖਾਨ ਆਪਣੇ ਦੀਵਾਨ ਦੀ ਸਹਾਇਤਾ ਨੂੰ ਨਾ ਆਇਆ––*

ਜ਼ੈਨ ਖਾਨ ਸਰਹੰਦ ਵਿਚ ਹੀ ਸੀ ਜਦ ਉਸ ਨੂੰ ਖ਼ਬਰਾਂ ਪੁਜੀਆਂ ਕਿ ਸਿੰਘਾਂ ਨੇ ਉਸ ਦਾ ਇਲਾਕਾ ਮਾਰ ਖਾਧਾ ਹੈ ਅਤੇ ਤਬਾਹੀ ਮਚਾ ਰਖੀ ਹੈ। ਜ਼ੈਨ ਖ਼ਾਨ ਅੱਗ-ਬਗੋਲਾ ਹੋਇਆ ਸਿੰਘਾਂ ਬਾਰੇ ਕਰੜਾ ਕਦਮ ਚੁਕਣ ਲਈ ਪਰ ਤੋਲ ਹੀ ਰਿਹਾ ਸੀ ਕਿ ਲਛਮੀ ਨਾਰਾਇਣ ਨਾਲ ਜੋ ਵਾਪਰੀ, ਉਸਦੀ ਖਬਰ ਆਣ ਪੁਜੀ। ਖਬਰ ਦੇ ਮਗਰੇ ਮਗਰ ਦੀਵਾਨ ਲਛਮੀ ਨਾਰਾਇਣ ਵੀ ਬੁਰੇ ਹਾਲੀਂ ਆਣ ਹਾਜ਼ਰ ਹੋਇਆ। ਸਾਰੀ ਵਿਥਿਆ ਸੁਣੀ ਕਿ ਸਭ ਉਗਰਾਹੀ, ਮਾਲ ਅਸਬਾਬ ਅਤੇ ਕੁਝ ਘੋੜੇ ਵੀ ਸਿੰਘਾਂ ਝਪਟ

---

† ਸ:ਰਤਨ ਸਿੰਘ ਭੰਗੂ,ਪ੍ਰਾਚੀਨ ਪੰਥ ਪ੍ਰਕਾਸ਼–੪੭੨-੭੩; ਸ: ਕਰਮ ਸਿੰਘ ਹਿਸਟੋਰੀਅਨ—ਮਹਾਰਾਜ ਆਲਾ ਸਿੰਘ—੨੨੪; ਡਾ: ਗੰਡਾ ਸਿੰਘ—ਸ. ਜੱਸਾ ਸਿੰਘ ਜੀ ਆਹਲੂਵਾਲੀਆ—ਪੰਨਾ ੧੩੭; ਡਾ: ਹਰੀ ਰਾਮ ਗੁਪਤਾ—ਹਿਸਟਰੀ ਆਫ਼ ਦੀ ਸਿਖਸ II—੨੦੦.



www.AKJ.Org

ਲਏ ਹਨ। ਜ਼ੈਨ ਖ਼ਾਨ ਇਹ ਸਭ ਕੁਝ ਸੁਣ ਕੇ ਸੁੰਨ-ਮੁੰਨ ਹੋ ਗਿਆ। ਲਛਮੀ ਨਾਰਾਇਣ ਦੀ ਇਮ-ਦਾਦ ਨੂੰ ਤੁਰਨਾ ਅਤੇ ਸਿੰਘਾਂ ਨੂੰ ਸਜ਼ਾ ਦੇਣਾ ਤਾਂ ਇਕ ਪਾਸੇ ਰਿਹਾ, ਉਹ ਇਹ ਸਭ ਕੁਝ ਸੁਣ ਕੇ ਏਨਾ ਡਰ ਗਿਆ ਕਿ ਸਰਹੰਦੋਂ ਬਾਹਰ ਕਦਮ ਕਢਣ ਦੀ ਵੀ ਜੁਰਅਤ ਨਾ ਕੀਤੀ।

ਜ਼ਾਹਰਾ ਤੌਰ ਤੇ ਜ਼ੈਨ ਖਾਨ ਭਾਵੇਂ ਆਪਣੇ ਅਹਿਲਕਾਰਾਂ ਅਤੇ ਮੁਸਾਹਿਬਾਂ ਸਾਹਮਣੇ ਮੂੰਹ-ਰਖਵੇਂ ਦਮਗਜੇ ਮਾਰਦਾ ਰਿਹਾ, ਪਰ ਵੱਡੇ ਘਲੂਘਾਰੇ ਪਿਛੋਂ ਉਹ ਇਕ ਪਲ ਲਈ ਵੀ ਸੁਖ ਦੀ ਨੀਂਦ ਨਹੀਂ ਸੌਂ ਸਕਿਆ। ਜਿਸ ਨੇ ਸ਼ੇਰ ਨੂੰ ਝਲੀਂ ਸੁਤਾ ਜਾ ਜਗਾਇਆ ਹੋਵੇ, ਉਹ ਫਿਰ ਘਰ ਤਾਂ ਕਿਸਮਤ ਨਾਲ ਹੀ ਪਰਤ ਕੇ ਆਊ ਨਾ! ਲਾਹੌਰ, ਕਸੂਰ, ਸਿਆਲਕੋਟ, ਜਲੰਧਰ, ਮਲੇਰ ਕੋਟਲਾ ਆਦਿ ਸਿੰਘਾਂ ਸੋਧ ਛਡੇ ਹਨ। ਜ਼ੈਨ ਖ਼ਾਨ ਘਲੂਘਾਰੇ ਵੇਲੇ ਵਡੀ ਕਲ੍ਹੇ ਦਾ ਮੁੱਢ ਸੀ, ਇਹ ਭਲਾ ਸਿੰਘਾਂ ਦੀ ਮਾਰ ਤੋਂ ਕਿਵੇਂ ਬਚਿਆ ਰਹੂ। ਅਤੇ ਇਸ ਨੂੰ ਬਚਾਊ ਵੀ ਹੁਣ ਕਿਹੜੀ ਤਾਕਤ? ਭਾਵੇਂ ਉਸ ਨੇ ਆਪਣੇ ਵਲੋਂ ਆਪਣੀ ਸੁਰੱਖਿਆ ਦੇ ਪੂਰੇ ਪਰਬੰਧ ਕਰ ਛੱਡੇ, ਪਹਿਰੇ ਕਰੜੇ ਕਰ ਲਏ, ਗੋਲੀ ਸਿੱਕਾ ਜਮ੍ਹਾ ਹੋਣ ਲਗਾ, ਪਰ ਜਿੰਨੇ ਵਡੇ ਪੈਮਾਨੇ ਉਤੇ ਪਰਬੰਧ ਹੋਣ ਲਗੇ, ਓਨੇ ਵਡੇ ਭਿਆਨਕ ਰੂਪ ਵਿਚ ਉਸ ਨੂੰ ਆਪਣੀ ਤਬਾਹੀ ਅਤੇ ਮੌਤ ਸ਼ਾਕਸ਼ਾਤ ਰੂਪ ਵਿਚ ਸਾਹਮਣੇ ਘੂਰਦੀ ਦਿਸਣ ਲਗੀ।

ਇਹ ਮੌਤ ਵਰਗਾ ਡਰ ਸੀ ਜਿਸ ਦੇ ਅਸਰ ਥਲੇ ਉਹ ਬਾਹਰ ਨਹੀਂ ਨਿਕਲਿਆ। ਜ਼ੈਨ ਖਾਨ ਨੂੰ ਹੁਣ ਚੰਗੀ ਤਰ੍ਹਾਂ ਮਹਿਸੂਸ ਹੋ ਚੁਕਿਆ ਸੀ ਕਿ ਵਾਰੀ ਹੁਣ ਉਸ ਦੀ ਹੈ। ਸਿੰਘਾਂ ਦਾ ਕਹਿਰ ਇਕ ਦਿਨ ਉਸ ਤੇ ਟੁਟਣਾ ਹੈ। ਪਰ ਜੀਉਂਦੇ-ਜੀ ਨੂੰ ਸੌ ਆਸ। ਮਹਾਰਾਜਾ ਆਲਾ ਸਿੰਘ ਪਟਿਆਲੇ ਵਾਲੇ ਦੇ ਰਾਹੀਂ ਸਿੰਘਾਂ ਨਾਲ ਅਮਨ-ਅਮਾਨ ਤੇ ਸੁਲ੍ਹਾ-ਸਫਾਈ ਲਈ ਗੱਲ ਚਲਾਈ ਕਿ ਉਹ ਖਾਲਸਾ ਜੀ ਨੂੰ, ਜਿਵੇਂ ਵੀ ਹੋਵੇ, ਰਾਜ਼ੀ ਕਰ ਕੇ ਵਾਪਸ ਮੋੜ ਦੇਵੇ, ਮੂੰਹੋਂ ਮੰਗੀਆਂ ਜਗੀਰਾਂ ਲੈ ਲੈਣ, ਜਿੰਨਾ ਨਕਦ ਲੈਣਾ, ਲੈ ਲੈਣ। ਸਦਾ ਮੌਜ ਦੀ ਜ਼ਿੰਦਗੀ ਬਤੀਤ ਕਰਨ ਲਈ ਜੋ ਵੀ ਸ਼ਰਤਾਂ ਕਹਿਣਗੇ, ਮੰਨੀਆਂ ਜਾਣਗੀਆਂ; ਪਰ ਇਸ ਜੂਹ ਚੋਂ ਕਿਵੇਂ ਵਾਪਸ ਮੁੜ ਜਾਣ। ਆਲਾ ਸਿੰਘ ਨੇ ਆਪਣਾ ਵਕੀਲ ਨਾਨੂੰ ਸਿੰਘ ਗਰੇਵਾਲ ਖਾਲਸਾ ਦਲ ਦਿਆਂ ਮੁਖੀਆਂ ਪਾਸ ਇਸ ਮਨੋਰਥ ਲਈ ਘੱਲਿਆ। ਸਿੰਘਾਂ ਸਰਦਾਰਾਂ ਨੇ ਬੜੇ ਧੀਰਜ ਨਾਲ ਸ: ਨਾਨੂੰ ਸਿੰਘ ਦੀਆਂ ਗੱਲਾਂ ਸੁਣੀਆਂ ਤੇ ਫਿਰ ਇਕ-ਜ਼ਬਾਨ ਹੋ ਕੇ ਬੜੇ ਫ਼ਖ਼ਰ ਅਤੇ ਗੌਰਵ ਨਾਲ ਉਤਰ ਦਿਤਾ, "ਸਾਨੂੰ ਇਹੋ ਜਿਹੇ ਰਾਜ਼ੀ-ਨਾਮੇ ਤੇ ਸੁਲ੍ਹਾ ਦੀ ਲੋੜ ਨਹੀਂ। ਇਹੋ ਜਹੀਆਂ ਜਗੀਰਾਂ ਅਤੇ ਨਕਦ-ਨਾਵੇਂ ਨੂੰ ਅਸੀਂ ਤੁਛ ਜਾਣਦੇ ਹਾਂ। ਅਸੀਂ ਸਿੰਘ ਹਾਂ ਅਤੇ ਜ਼ੈਨ ਖਾਨ ਤੁਰਕ ਹੈ। (ਤੁਰਕ ਸ਼ਬਦ ਤੋਂ ਉਸ ਵੇਲੇ ਭਾਵ ਸੀ ਜੋ ਬੈਰੂਨੀ ਹਮਲਾਵਰ ਹਿੰਦੁਸਤਾਨ ਨੂੰ ਗੁਲਾਮੀ ਦੇ ਸ਼ਕੰਜੇ ਵਿਚ ਜਕੜੀ ਬੈਠੇ ਸਨ)। ਸਾਡਾ ਦੋਹਾਂ ਧਿਰਾਂ ਦਾ ਕਦੀਣ ਮੇਲ ਨਹੀਂ ਹੋ ਸਕਦੈ। ਸਤਿਗੁਰੂ ਨੇ ਸਾਨੂੰ ਆਪ ਸ਼ਹਿਨਸ਼ਾਹੀ ਬਖਸ਼ੀ ਹੈ। ਅਸੀਂ ਆਪਣੇ ਸਿਰ ਲਾ ਕੇ ਇਹ ਬਾਦਸ਼ਾਹੀ ਲੈਣੀ ਤੇ ਕਾਇਮ ਰਖਣੀ ਹੈ।"*

ਸ: ਨਾਨੂੰ ਸਿੰਘ ਦਾ ਲਿਆਂਦਾ ਉਤਰ ਜਦ ਆਲਾ ਸਿੰਘ ਨੇ ਜ਼ੈਨ ਖ਼ਾਨ ਨੂੰ ਦਸਿਆ ਤਾਂ ਉਸ ਨੂੰ ਦਿਨੇ ਤਾਰੇ ਨਜ਼ਰ ਆਉਣ ਲਗੇ।

## ਮੁਰਿੰਡੇ ਦੀ ਬਰਬਾਦੀ—

ਕੁਰਾਲੀ ਵਾਂਗ ਮੁਰਿੰਡਾ ਵੀ ਜ਼ੈਨ ਖਾਨ ਦਾ ਹੀ ਇਲਾਕਾ ਸੀ। ਮੁਰਿੰਡਾ ਕੁਰਾਲੀ ਤੋਂ ਲਾਗੇ ਹੀ ਦਖਣ-ਲਹਿੰਦੇ ਦੀ ਬਾਹੀ ਵਲ ਹੈ। ਲੁਧਿਆਣਿਓਂ ਚੰਡੀਗੜ੍ਹ ਨੂੰ ਆਉਂਦਿਆਂ ਰਸਤੇ ਵਿਚ ਹੈ। ਮੁਰਿੰਡਾ (ਇਸ ਨੂੰ ਬਾਗਾਂ ਵਾਲਾ ਵੀ ਕਹਿੰਦੇ ਹਨ), ਘੜੂੰਆਂ, ਕੁਰਾਲੀ ਇਕੋ ਸੜਕ ਉਤੇ ਆਉਂਦੇ ਹਨ।

---

*ਸ: ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼ ੪੬੭-੭੩.
ਗਿ: ਗਿਆਨ ਸਿੰਘ—ਪੰਥ ਪ੍ਰਕਾਸ਼—੯੩੨-੩੪.



www.AKJ.Org

ਇਹ ਰੰਘੜਾਂ ਦੇ ਪਿੰਡ ਸਨ ਅਤੇ ਇਨ੍ਹਾਂ ਦੁਸ਼ਟਾਂ ਨੇ ਗੁਰੂ ਗੋਬਿੰਦ ਸਿੰਘ ਜੀ ਨਾਲ ਬੜਾ ਭਾਰਾ ਧ੍ਰੋਹ ਕਮਾਇਆ ਸੀ। ਹੁਣ ਜਦ ਖ਼ਾਲਸਾ ਦਲ ਏਧਰ ਆਇਆ ਹੋਇਆ ਸੀ ਤਾਂ ਇਨ੍ਹਾਂ ਜਰਵਾਣਿਆਂ ਉਤੇ ਭਲਾ ਖਾਲਸਾ ਜੀ ਦੀ ਨਿਗਾਹ ਕਿਵੇਂ ਨਾ ਪੈਂਦੀ? ਖਾਲਸਾ ਦਲ ਦੇ ਮੁਖੀਆਂ ਦਾ ਇਕੱਠ ਹੋਇਆ, ਤਾਕਿ ਇਨ੍ਹਾਂ ਦੀ ਸੁਧਾਈ ਬਾਰੇ ਫ਼ੈਸਲਾ ਕੀਤਾ ਜਾਵੇ। ਵਿਚੋਂ ਇਕ ਸਰਦਾਰ ਨੇ ਮਤਾ ਰਖਿਆ ਕਿ ਸ਼ੁਰੂ ਗੰਗੂ ਦੇ ਪਿੰਡ ਸਹੇੜੀ ਤੋਂ ਕੀਤੀ ਜਾਵੇ ਅਤੇ ਸਰਹੰਦ ਉਤੇ ਹੱਲੇ ਤੋਂ ਪਹਿਲਾਂ ਇਨ੍ਹਾਂ ਨੂੰ ਸੋਧ ਦਿਤਾ ਜਾਵੇ। ਸ: ਜਸਾ ਸਿੰਘ ਜੀ, ਜੋ ਦੋਹਾਂ ਦਲਾਂ ਦੇ ਸਰਵਉਚ ਮੁਖੀ ਸਨ, ਕੁਝ ਕਾਰਨਾਂ ਕਰਕੇ ਇਨ੍ਹਾਂ ਨਗਰਾਂ ਦੀ ਸੁਧਾਈ ਦੀ ਕਾਰਵਾਈ ਨੂੰ ਟਾਲਣਾ ਚਾਹੁੰਦੇ ਸਨ। ਇਹ ਪਿੰਡ ਜ਼ੈਨ ਖ਼ਾਨ ਦੇ ਪਰਬੰਧ ਵਿਚ ਸਨ ਅਤੇ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਜ਼ੈਨ ਖ਼ਾਨ ਉਨ੍ਹਾਂ ਦੀ ਇਮਦਾਦ ਲਈ ਆਵੇਗਾ ਅਤੇ ਸਾਰੀ ਤਾਕਤ ਇਕੱਠੀ ਹੋਣ ਤੋਂ ਪਹਿਲਾਂ ਜੇ ਉਲਝ ਗਏ ਤਾਂ ਸਰਹੰਦ ਵਾਲੀ ਸੁਧਾਈ ਦੇ ਕੰਮ ਵਿਚ ਐਵੇਂ ਅਟਕਾ ਪੈ ਜਾਵੇਗਾ। ਪਰ ਘੜੂੰਏਂ ਦੇ ਸ: ਰਣ ਸਿੰਘ ਤੇ ਸ: ਦਲ ਸਿੰਘ ਅਤੇ ਸਲੌਦੀ ਦੇ ਸਿੰਘਾਂ ਸਰਦਾਰਾਂ ਦੇ ਜ਼ੋਰ ਦੇਣ ਉਤੇ ਇਹ ਰੰਘੜ ਸੋਧਣ ਵਿਚ ਭੋਰਾ ਵੀ ਢਿਲ ਨਹੀਂ ਕਰਨੀ ਚਾਹੀਦੀ, ਇਹ ਪਰਲੇ ਦਰਜੇ ਦੇ ਦੁਸ਼ਟ ਅਤਿਆ-ਚਾਰੀ ਤੇ ਦੇਸ਼ ਧ੍ਰੋਹੀ ਹਨ, ਇਨ੍ਹਾਂ ਦੀ ਸੁਧਾਈ ਦਾ ਕੰਮ ਪਿਛੇ ਪਾਉਣਾ ਉਹਨਾਂ ਨੂੰ ਮਨਜ਼ੂਰ ਨਹੀਂ ਸੀ। ਸ: ਜੱਸਾ ਸਿੰਘ ਨੂੰ ਇਹ ਮੰਨਣਾ ਪਿਆ ਕਿ ਇਨ੍ਹਾਂ ਦੀ ਤੁਰੰਤ ਸੁਧਾਈ ਕੀਤੀ ਜਾਵੇ।

ਸਭ ਤੋਂ ਪਹਿਲਾਂ ਗੰਗੂ ਬ੍ਰਾਹਮਣ ਦੇ ਪਿੰਡ ਸਹੇੜੀ ਦੀ ਵਾਰੀ ਆਈ। [ਸਹੇੜੀ ਨੂੰ ਤਦ ਤੋਂ ਸਿੰਘ ਖੇੜੀ (ਉਖੇੜੀ ਯਾਨੀ ਬਰਬਾਦ ਹੋਈ, ਉਜਾੜੀ ਹੋਈ) ਕਹਿਣ ਲੱਗ ਪਏ ਸਨ।] ਸਾਰਾ ਪਿੰਡ ਘੇਰ ਲਿਆ। ਗੰਗੂ ਬ੍ਰਾਹਮਣ ਦਾ ਘਰ ਲਭ ਕੇ ਉਸ ਦੇ ਸਾਰੇ ਜੀਅ ਫੜ ਲਏ ਅਤੇ ਉਨ੍ਹਾਂ ਦੀ ਤਿਕਾ-ਬੋਟੀ ਉਡਾ ਦਿਤੀ। ਉਸ ਦੇ ਘਰ ਨੂੰ ਸਾੜ ਫੂਕ ਕੇ ਸੁਆਹ ਕਰ ਦਿਤਾ। ਪਿਛੋਂ ਪਿੰਡ ਲੁਟ ਫੂਕ ਕੇ ਮਲਬੇ ਦੀ ਢੇਰੀ ਬਣਾ ਦਿਤਾ।

ਹੁਣ ਇਸ ਤੋਂ ਪਿਛੋਂ ਸਿੰਘਾਂ ਮੁਰਿੰਡੇ ਵਲ ਧਿਆਨ ਕੀਤਾ। ਹੋਣੀ ਬੜੀ ਹੀ ਪਰਬਲ ਹੈ। ਸਿੰਘਾਂ ਨੇ ਕੁਝ ਸੂਹੀਏ ਅੱਗੇ ਘਲੇ, ਤਾਂਕਿ ਰੰਘੜਾਂ ਦੀ ਸਥਿਤੀ ਦਾ ਪਤਾ ਲੱਗ ਸਕੇ। ਇਸ ਜੂਹ ਵਿਚ ਦੀ ਲੰਘਦੇ ਹੋਏ ਸਿੰਘ ਜਦ ਇਕ ਖੂਹ ਉਤੇ ਪਾਣੀ ਪੀਣ ਲਗੇ ਤਾਂ ਓਥੇ ਗੜ੍ਹੀ ਉਤੇ ਹਥਿਆਰ ਲੈ ਕੇ ਚੜ੍ਹੇ ਹੋਏ ਰੰਘੜਾਂ ਨੇ ਸਿੰਘਾਂ ਨੂੰ ਬਗੈਰ ਕਿਸੇ ਕਾਰਨੋਂ ਕੁਝ ਭੈੜੇ ਬੋਲ ਬੋਲੇ। ਇਸ ਦੇ ਨਾਲ ਹੀ ਸੀੜ ਦੇ ਰੱਸੇ ਵਿਖਾ ਕੇ ਕਹਿਣ ਲੱਗੇ, "ਇਹ ਤੁਹਾਡੇ ਵੱਡੇ ਸਿੰਘਾਂ ਦੇ ਕੇਸਾਂ ਦੇ ਵੱਟੇ ਸਨ, ਹੁਣ ਪੁਰਾਣੇ ਹੋ ਗਏ ਹਨ ਤੇ ਘਸ ਗਏ ਹਨ, ਇਸ ਲਈ ਸਾਨੂੰ ਨਵੇਂ ਰੱਸੇ ਵਟਣ ਲਈ ਆਪਣੀਆਂ ਦਾੜ੍ਹੀਆਂ ਤੇ ਕੇਸ ਦੇ ਜਾਉ। ਅਖਵਾਉਂਦੇ ਸਿੰਘ ਹੋ ਪਰ ਲੁਕਦੇ ਗਿੱਦੜਾਂ ਵਾਂਗ ਫਿਰਦੇ ਹੋ। ਐਵੇਂ ਵਾਧੂ ਹਥਿਆਰ ਚੁਕੀ ਫਿਰਦੇ ਹੋ, ਜੇ ਲੜਨਾ ਜੇ ਤਾਂ ਆਉ ਰੰਗ ਵੇਖ ਲਉ। ਅੱਗੇ ਤੁਹਾਡੇ ਗੁਰੂ ਦੇ ਪੁਤਰ ਮਾਰ ਕੇ ਉਸ ਨੂੰ ਦੇਸੋਂ ਕੱਢ ਛਡਿਆ ਹੈ। ਹੁਣ ਤੁਹਾਡੀ ਅਲਖ ਮੁਕਾਉਣ ਲਈ ਤਿਆਰ ਬੈਠੇ ਹਾਂ।"*

ਇਸ ਦੇ ਜਵਾਬ ਵਿਚ ਜਦ ਸਿੰਘਾਂ ਅਗੋਂ ਮੂੰਹ-ਭੰਨਵੇਂ ਕੁਝ ਕੌੜੇ ਬਚਨ ਕਹੇ ਤਾਂ ਰੰਘੜਾਂ ਨੇ ਬੰਦੂਕਾਂ ਦੀ ਛਲਕ ਸਿੰਘਾਂ ਉਤੇ ਮਾਰੀ। ਸ: ਸ਼ਾਮ ਸਿੰਘ ਅਤੇ ਸ: ਕਰੋੜਾ ਸਿੰਘ ਨੂੰ ਜਦ ਇਸ ਦੀ ਖ਼ਬਰ ਹੋਈ ਤਾਂ ਉਨ੍ਹਾਂ ਝਟ ਸ: ਜਸਾ ਸਿੰਘ ਆਹਲੂ-ਵਾਲੀਏ ਨੂੰ ਕਹਿ ਕੇ ਤੁਰੰਤ ਮੁਰਿੰਡੇ ਤੇ ਹੱਲਾ ਕਰਵਾ ਦਿਤਾ। ਮੁਰਿੰਡੇ ਵਾਲੇ ਝਟ ਦਰਵਾਜ਼ੇ ਬੰਦ ਕਰ ਕੇ ਖੰਦਕ ਦੇ ਪਿਛੇ ਕੰਧਾਂ ਓਹਲਿਓਂ ਲੜਨ ਲਈ ਮੋਰਚਾ-ਬੰਦ ਹੋ ਗਏ।

---

* ਸ:ਰਤਨ ਸਿੰਘ ਭੰਗੂ—ਪ੍ਰਾਚੀਨ ਪੰਥ ਪ੍ਰਕਾਸ਼-੪੯੭-੯੮
ਗਿ: ਗਿਆਨ ਸਿੰਘ—ਪੰਥ ਪ੍ਰਕਾਸ਼—੮੩੨-੩੪
ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ਼ ਦੀ ਸਿਖਸ (ਇੰਗ:) ਭਾਗ II—ਪੰਨਾ ੧੯੯, ਡਾ: ਗੰਡਾ ਸਿੰਘ—ਸ: ਜੱਸਾ ਸਿੰਘ ਆਹਲੂਵਾਲੀਆ-੧੩੭



www.AKJ.Org

ਸ: ਚੜ੍ਹਤ ਸਿੰਘ ਨੇ ਝਟ ਸ਼ਹਿਰ ਘੇਰ ਕੇ ਸਾਰੇ ਨਾਕੇ ਰੋਕ ਲਏ ਅਤੇ ਕਿਸੇ ਪਾਸਿਓਂ ਨਾ ਕੋਈ ਬਾਹਰ ਨਿਕਲਣ ਦਿਤਾ ਅਤੇ ਨਾ ਕੋਈ ਸਹਾਇਤਾ ਹੀ ਅੰਦਰ ਜਾਣ ਦਿਤੀ। ਸ: ਚੜ੍ਹਤ ਸਿੰਘ ਨੇ ਸਰਹੰਦ ਵਾਲੇ ਪਾਸਿਓਂ ਆਉਣ ਵਾਲਾ ਰਸਤਾ ਇੰਜ ਰੋਕਿਆ ਕਿ ਜੇ ਕੋਈ ਇਮਦਾਦੀ ਦਸਤੇ ਏਸੇ ਪਾਸਿਓਂ ਆਉਣ ਵੀ ਤਾਂ ਉਨ੍ਹਾਂ ਨੂੰ ਪਿਛੇ ਹੀ ਰੋਕ ਲਿਆ ਜਾਵੇ ਤੇ ਆਉਂਦਿਆਂ ਨੂੰ ਹੀ ਖੇਰੂੰ ਖੇਰੂੰ ਕਰ ਦਿਤਾ ਜਾਵੇ। ਜਿਸ ਖੰਦਕ ਤੇ ਫ਼ਸੀਲ ਦਾ ਰੰਘੜਾਂ ਨੂੰ ਮਾਣ ਸੀ, ਸਿੰਘ ਅੱਖ ਦੀ ਪਲਕਾਰ ਵਿਚ ਪਾਰ ਕਰ ਕੇ ਫਸੀਲ ਉਤੇ ਜਾ ਚੜ੍ਹੇ। ਇਨ੍ਹਾਂ ਵਿਚ ਜ਼ਿਆਦਾ ਸਿੰਘ ਤਾਰਾ ਸਿੰਘ ਗੈਬੇ ਦੀ ਮਿਸਲ ਦੇ ਸਨ। ਇਨ੍ਹਾਂ ਪਹਿਰੇਦਾਰਾਂ ਨੂੰ ਗਾਜਰ ਮੂਲੀ ਵਾਂਗ ਕਟ ਕੇ ਸ਼ਹਿਰ ਦੇ ਦਰਵਾਜ਼ੇ ਖੋਲ੍ਹ ਦਿਤੇ ਤੇ ਸਾਰਾ ਦਲ ਸ਼ਹਿਰ ਅੰਦਰ ਦਾਖਲ ਹੋ ਗਿਆ। ਘੜੂੰਏਂ ਤੇ ਸਲੌਦੀ ਦੇ ਸਿੰਘਾਂ ਨੇ, ਜਿਨ੍ਹਾਂ ਨਾਲ ਮੁਰਿੰਡੇ ਵਾਲਿਆਂ ਦਾ ਚੰਗਾ ਇੱਟ-ਖੜਕਾ ਸੀ ਤੇ ਜੋ ਮੁਰਿੰਡੇ ਦੇ ਵਡੇ ਵਡੇ ਘਰਾਣਿਆਂ ਦੇ ਚੰਗੇ ਜਾਣੂੰ ਸਨ, ਹੱਲੇ ਵੇਲੇ ਮੂਹਰੇ ਹੋ ਕੇ ਇਨ੍ਹਾਂ ਘਰਾਂ ਵਿਚੋਂ ਹੰਕਾਰੇ ਹੋਏ ਤੇ ਮਾਣਮੱਤੇ ਰੰਘੜ ਕਢ ਕਢ ਕੇ ਚੁਣ ਚੁਣ ਕੇ ਮਾਰੇ। ਸਭ ਤੋਂ ਪਹਿਲਾਂ ਜਾਨੀ ਖ਼ਾਨ ਤੇ ਮਾਨੀ ਖ਼ਾਨ ਦੇ ਘਰਾਂ ਨੂੰ ਘੇਰਿਆ ਗਿਆ। ਇਨ੍ਹਾਂ ਦਾ ਇਕ ਜੀਅ ਵੀ ਜੀਊਂਦਾ ਨਾ ਛਡਿਆ। ਇਹ ਰੰਘੜ ਦੋਵੇਂ ਭਾਈ ਸਨ। ਇਨ੍ਹਾਂ ਮੁਰਿੰਡਿਓਂ ਹੋਰ ਰੰਘੜ ਨਾਲ ਲੈ ਕੇ ਛੋਟੇ ਸਾਹਿਬਜ਼ਾਦਿਆਂ ਜ਼ੋਰਾਵਰ ਸਿੰਘ ਤੇ ਫਤਿਹ ਸਿੰਘ ਨੂੰ ਅਤੇ ਮਾਤਾ ਗੁਜਰੀ ਜੀ ਨੂੰ ਗੰਗੂ ਬ੍ਰਾਹਮਣ ਦੇ ਦਸਣ ਤੇ ਫੜ ਸਰਹੰਦ ਵਜ਼ੀਰ ਖ਼ਾਨ ਪਾਸ ਪੁਚਾਇਆ ਸੀ, ਜਿਸ ਨੇ ਉਨ੍ਹਾਂ ਨੂੰ ੧੩ ਪੋਹ ਸੰਮਤ ੧੭੬੨ (੧੨ ਦਸੰਬਰ ਸੰਨ ੧੭੦੪) ਨੂੰ ਕਤਲ ਕਰਵਾ ਦਿਤਾ ਸੀ। ਇਹ ਮੁਰਿੰਡਿਓਂ ਸਰਹੰਦ ਤਕ ਲੁਡੀ ਪਾਉਂਦੇ ਗਏ ਸਨ ਤੇ ਰਸਤੇ ਵਿਚ ਬੜੇ ਹਿਰਦੇ-ਵੇਧਕ ਬੋਲ-ਕੁਬੋਲ ਕਰਦੇ ਗਏ ਸਨ। ਕੋਈ ਸਿਖ ਜਾਂ ਹਿੰਦੂ ਰਸਤੇ ਵਿਚ ਮਿਲਿਆ ਤਾਂ ਇਨ੍ਹਾਂ ਬੜੇ ਖੋਟੇ ਬੋਲ ਬੋਲੇ ਤੇ ਕਿਹਾ ਕਿ ਤੁਹਾਡੇ ਗੁਰੂ ਦੇ ਬੱਚੇ ਤੇ ਮਾਤਾ ਅਸੀਂ ਫੜ ਕੇ ਲਈ ਜਾ ਰਹੇ ਹਾਂ। ਆਉ, ਜੇ ਹਿੰਮਤ ਹੈ ਤਾਂ ਛੁੜਾ ਲਵੋ।

ਸਿੰਘਾਂ ਨੂੰ ਇਨ੍ਹਾਂ ਤੇ ਬੜਾ ਹੀ ਗੱਚ ਸੀ। ਜਾਨੀ ਖਾਨ ਤੇ ਮਾਨੀ ਖਾਨ ਦੇ ਭਾਈਚਾਰੇ ਵਿਚੋਂ ਇਕ ਆਦਮੀ ਨੇ ਹੌਕਾ ਭਰਿਆ ਸੀ, ਜਦ ਉਹ ਛੋਟੇ ਸਾਹਿਬਜ਼ਾਦਿਆਂ ਨੂੰ ਫੜ ਕੇ ਸਰਹੰਦ ਨੂੰ ਲੈ ਕੇ ਚਲੇ ਸਨ। ਉਸ ਕਿਹਾ ਸੀ ਕਿ ਤੁਸਾਂ ਬਹੁਤ ਗੁਨਾਹ ਕੀਤਾ ਹੈ, ਤੁਸੀਂ ਰੱਬ ਦੇ ਦੇਣਦਾਰ ਹੋਵੋਗੇ। ਘੜੂੰਏਂ ਵਾਲਿਆਂ ਨੂੰ ਇਸ ਘਰ ਦਾ ਪਤਾ ਸੀ। ਸਾਰੇ ਮੁਰੰਡੇ ਵਿਚੋਂ ਸਿਰਫ ਇਕ ਇਹੋ ਘਰ ਬਚਿਆ ਸੀ। ਇਸ ਨੂੰ ਕਿਸੇ ਕੁਝ ਨਹੀ ਸੀ ਕਿਹਾ।*

ਮੁਰਿੰਡੇ ਵਾਲਿਆਂ ਉਤੇ ਮਾਸੂਮ ਸਾਹਿਬਜ਼ਾਦਿਆਂ ਨੂੰ ਫੜ ਕੇ ਸ਼ਹੀਦ ਕਰਵਾਉਣ ਦਾ ਗੁੱਸਾ ਸੀ, ਏਥੇ ਲੁਟ ਮਾਰ ਦਾ ਸਵਾਲ ਨਹੀਂ ਸੀ। ਬੱਚੇ ਬੁਢੀਆਂ, ਬੁਢੇ ਤੇ ਹਿੰਦੂ ਛਡ ਕੇ ਸਾਰਾ ਸ਼ਹਿਰ ਹੀ ਕਤਲਾ ਦਿਤਾ ਗਿਆ। ਇਹ ਦੁਸ਼ਟਾਂ ਦਾ ਗੜ੍ਹ ਸੀ, ਸੋ ਮਲੀਆਮੇਟ ਹੋ ਗਿਆ।

ਮੁਰਿੰਡੇ ਦੇ ਧਾਵੇ ਵਿਚ ਸ: ਚੜ੍ਹਤ ਸਿੰਘ ਨੇ ਸਭ ਤੋਂ ਜ਼ਿਆਦਾ ਹਿਸਾ ਪਾਇਆ। ਐਸੀ ਬਹਾਦਰੀ ਦਸੀ ਕਿ ਸਾਰਾ ਦਲ ਵਾਹ ਵਾਹ ਕਰ ਉਠਿਆ। ਇਸ ਨੇ ਐਸਾ ਪਰਬੰਧ ਕੀਤਾ ਕਿ ਮੁਰਿੰਡੇ ਵਾਲਿਆਂ ਨੂੰ ਬਾਹਰੋਂ ਕੋਈ ਕੁਮਕ ਜਾਂ ਸਹਾਇਤਾ ਨਹੀਂ ਪਹੁੰਚ ਸਕੀ। ਏਸੇ ਤਰ੍ਹਾਂ ਸ: ਤਾਰਾ ਸਿੰਘ ਗੈਬੇ ਤੇ ਹੋਰ ਸਰਦਾਰਾਂ ਨੇ ਮੋਰਿੰਡੇ ਵਾਲਿਆਂ ਨੂੰ ਸੋਧਣ ਵਿਚ ਵਧ ਤੋਂ ਵਧ ਹਿੱਸਾ ਪਾਇਆ। ਪਰ ਸਭ ਤੋਂ ਜ਼ਿਆਦਾ ਤਬਾਹੀ ਤੇ ਬਰਬਾਦੀ ਏਥੇ ਘੜੂੰਏਂ ਵਾਲਿਆਂ ਸਰਦਾਰਾਂ ਨੇ ਮਚਾਈ ਸੀ, ਜਿਨ੍ਹਾਂ ਨਾਲ ਮੁਰਿੰਡੇ ਦੇ ਰੰਘੜਾਂ ਦੀ ਬੜੀ ਲਗਦੀ ਸੀ ਤੇ ਬੜੀ ਪੁਰਾਣੀ ਦੁਸ਼ਮਣੀ ਚਲੀ ਆਉਂਦੀ ਸੀ।

ਏਥੇ ਲੁਟ ਮਾਰ ਵਲੇ ਕਿਸੇ ਬਹੁਤਾ ਧਿਆਨ ਨਹੀਂ ਸੀ ਦਿਤਾ, ਪਰ ਸਾਹਿਬਜ਼ਾਦਿਆਂ ਉਤੇ ਕੀਤੇ ਜ਼ੁਲਮ ਨੂੰ ਧਿਆਨ ਵਿਚ ਰਖ ਕੇ ਰੰਘੜਾਂ ਵਿਰੁਧ ਪੂਰਾ ਪੂਰਾ ਗੁੱਸਾ ਕੱਢਣ ਵਿਚ ਕਿਸੇ

---

* ਸ: ਕਰਮ ਸਿੰਘ ਹਿਸਟੋਰੀਅਨ—ਮਹਾਰਾਜਾ ਆਲਾ ਸਿੰਘ, ਨਵਾਂ ਐਡੀਸ਼ਨ, ਪ੍ਰਕਾਸ਼ ਪੁਸਤਕਾਲਾ ਪਟਿਆਲਾ—ਸਫ਼ਾ ੧੫੮.



www.AKJ.Org

ਨੇ ਕੋਈ ਕਸਰ ਨਹੀਂ ਸੀ ਛੱਡੀ । ਮੁਰਿੰਡੇ ਦੇ ਰੰਘੜਾਂ ਨੂੰ ਆਪਣੇ ਕੀਤੇ ਜ਼ੁਲਮਾਂ ਦਾ ਓਸੇ ਹੀ ਗਿਣਤੀ ਨਾਲ ਫਲ ਭੁਗਤਣਾ ਪਿਆ । ਕਿਕਰਾਂ ਬਬੂਲ ਬੀਜ ਕੇ ਕੋਈ ਅੰਬ ਅੰਗੂਰ ਨਹੀਂ ਖਾ ਸਕਦਾ । ਇਸ ਸੰਸਾਰ ਵਿਚ ਇੰਜ ਹੀ ਹੁੰਦਾ ਆਇਐ ਕਿ ਜੈਸਾ ਕੋਈ ਬੀਜੂ ਤੈਸਾ ਹੀ ਵਢੂ ।

## ਸਰਹੰਦ ਉਤੇ ਹਮਲੇ ਦੀ ਤਿਆਰੀ–

ਹੁਣ ਜ਼ੇਨ ਖਾਨ ਨਾਲ ਸਰਹੰਦ ਅਪੜ ਕੇ ਹੀ ਲੇਖਾ ਮੁਕਾਉਣ ਦੀ ਵਾਰੀ ਆ ਗਈ । ਮੁਰਿੰਡੇ ਤੋਂ ਸਰਹੰਦ, ਥੋੜਾ ਜਿਹਾ ਦਖਣ-ਲਹਿੰਦੇ ਦੀ ਬਾਹੀ ਪੰਦਰਾਂ ਸੋਲ੍ਹਾਂ ਕੋਹ ਦੀ ਵਿਥ ਉਤੇ ਹੈ । ਇਹ ਉਹ ਸਰਾਪਿਆ ਹੋਇਆ ਸ਼ਹਿਰ ਹੈ ਜਿਥੇ ਸ਼ੇਖ ਅਹਿਮਦ ਸਰਹੰਦੀ (ਮਜਦਦ ਅਲਫ਼ ਸਾਨੀ-ਨਕਸ਼ਬੰਦੀ) ਵਰਗੇ ਗੁਰੂ ਘਰ ਦੇ ਦੋਖੀ ਰਹਿੰਦੇ ਹੁੰਦੇ ਸਨ ਤੇ ਜਿਸ ਨੇ ਸਾਹਿਬ ਗੁਰੂ ਅਰਜਨ ਦੇਵ ਜੀ ਦੀ ਉਪਮਾ ਤੇ ਰੂਹਾਨੀ ਜਲਾਲ ਨੂੰ ਨਾ ਝਲਦਿਆਂ ਹੋਇਆਂ, ਈਰਖਾ-ਵਸ ਹੋ ਕੇ ਧਰਮ ਦੀ ਆੜ ਲੈ ਕੇ ਵੇਲੇ ਦੇ ਸਭ ਤੋਂ ਮੁਤੱਸਬੀ ਤੇ ਬੇਰਹਿਮ ਬਾਦਸ਼ਾਹ ਨੂੰ ਕਮੀਨੀ ਚੁਕਣਾ ਦੇ ਕੇ, ਪੰਚਮ ਪਾਤਸ਼ਾਹ ਨੂੰ ਅਕਹਿ ਤਸੀਹੇ ਦੇ ਕੇ ਸ਼ਹੀਦ ਕਰਵਾਇਆ ਸੀ । ਦਿਲੀ ਦਰਬਾਰ ਵਿਚ ਅਕਬਰ ਤੋਂ ਪਿਛੋਂ ਇਨ੍ਹਾਂ ਦਾ ਬੜਾ ਅਸਰ ਬਣ ਗਿਆ ਸੀ । ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਖ਼ਿਲਾਫ਼ ਇਨ੍ਹਾਂ ਬੜੀਆਂ ਸਾਜ਼ਸ਼ਾਂ ਕਰ-ਵਾਈਆਂ ਸਨ ਪਰ ਉਨ੍ਹਾਂ ਨੂੰ ਸ਼ਹੀਦ ਕਰਨ ਵਿਚ ਕਾਮਯਾਬ ਨ ਹੋ ਸਕੇ । ਸਾਹਿਬ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਵਿਚ ਇਨ੍ਹਾਂ ਦਾ ਬੜਾ ਉੱਘਾ ਹੱਥ ਸੀ । ਔਰੰਗਜ਼ੇਬ ਦੇ ਵੇਲੇ ਇਨ੍ਹਾਂ ਦੀ ਦਰਬਾਰ ਵਿਚ ਬੜੀ ਹੀ ਚੜ੍ਹ ਮਚੀ ਹੋਈ ਸੀ । ਛੋਟੇ ਸਾਹਿਬ-ਜ਼ਾਦਿਆਂ ਜ਼ੋਰਾਵਰ ਸਿੰਘ ਤੇ ਫਤਹ ਸਿੰਘ ਦੀ ਸ਼ਹਾਦਤ ਵੇਲੇ ਇਸ ਅਮਾਮ ਰੱਬਾਨੀ, ਯਾਨੀ ਸ਼ੇਖ ਅਹਿਮਦ ਸਰਹੰਦੀ ਦਾ ਪੋਤਰਾ ਗੱਦੀ ਤੇ ਸੀ । ਇਹ ਮਾਸੂਮ ਸਾਹਿਬਜ਼ਾਦੇ ਜਦ ਵਜ਼ੀਰ ਖਾਨ ਕਿਸੇ ਬਹਾਨੇ ਵੀ ਕਤਲ ਕਰਨ ਦਾ ਹੀਆ ਕਰਦਾ ਨਾ ਦਿਸਿਆ ਤਾਂ ਏਸੇ ਘਰਾਣੇ ਨੇ ਉਸ ਨੂੰ ਧਾਰਮਕ ਹਲਾ-ਸ਼ੇਰੀ ਤੇ ਤੁਖਣਾ ਦੇ ਕੇ ਇਹ ਪਾਪ ਕਰਾਇਆ ਸੀ । ਜਦ ਕੋਈ ਬੱਚਿਆਂ ਨੂੰ ਸ਼ਹੀਦ ਕਰਨ ਲਈ ਰਾਜ਼ੀ ਨਾ ਹੋਇਆ ਤਾਂ ਵਜ਼ੀਰ ਖ਼ਾਨ ਨੇ ਦੋ ਅਫ਼ਰੀਦ ਪਠਾਣ ਭਰਾਵਾਂ (ਛਾਫ਼ਲ ਬੇਗ਼ ਖਾਨ, ਬਾਛਲ ਬੇਗ ਖਾਨ) ਦਾ ਕੋਈ ਕੀਤਾ ਕਸੂਰ ਮੁਆਫ ਕਰ ਕੇ ਇਹ ਕਾਰਾ ਕਰਨ ਲਈ ਉਨ੍ਹਾਂ ਨੂੰ ਉਕਸਾ ਕੇ ਰਜ਼ਾਮੰਦ ਕਰ ਲਿਆ ਸੀ, ਜਿਨ੍ਹਾਂ ਦੀਵਾਰ ਵਿਚ ਚਿਣਾਏ ਜਾਣ ਤੋਂ ਅਗਲੇ ਦਿਨ ਯਾਨੀ ੧੩ ਪੋਹ ਸੰਮਤ ੧੭੬੨ (ਮੁਤਾਬਕ ੧੨ ਦਸੰਬਰ ਸੰਨ ੧੭੦੪) ਨੂੰ ਬੱਚਿਆਂ ਨੂੰ ਧਰਤੀ ਤੇ ਲਿਟਾ ਕੇ ਬਕਰੇ ਵਾਂਗ ਹਲਾਲ ਕਰ ਕੇ ਕੋਹ ਕੋਹ ਕੇ ਮਾਰਿਆ ਸੀ । ਮਾਤਾ ਗੁਜਰੀ ਜੀ ਦੀ ਵੀ ਏਥੇ ਹੀ ਸ਼ਹਾਦਤ ਹੋਈ ਸੀ । ਸਰਹੰਦ ਦਾ ਨਾਉਂ ਸੁਣਦਿਆਂ ਹੀ ਸਿੰਘਾਂ ਨੂੰ ਲੂਹਰੀਆਂ ਉਠਣ ਲੱਗ ਪੈਂਦੀਆਂ ਸਨ, ਉਨ੍ਹਾਂ ਨੂੰ ਕ੍ਰੋਧ ਨਾਲ ਵਟਣੇ ਚੜ੍ਹਨ ਲੱਗ ਪੈਂਦੇ ਸਨ । ਏਡਾ ਪਾਪੀ ਤੇ ਏਡਾ ਖੂਨੀ ਸ਼ਹਿਰ ! ਏਨੇ ਧ੍ਰੋਹ ਕਰਨ ਪਿਛੋਂ ਵੀ ਇਹ ਅਜੇ ਵਸਦਾ ਹੀ ਹੈ ! ਇਸ ਲਈ ਇਸ ਦਾ ਖਿਆਲ ਆਉਂਦੇ ਹੀ ਹਰ ਇਕ ਸਿੰਘ ਸਰਦਾਰ ਦਾ ਖੂਨ ਖੌਲ ਉਠਦਾ ਸੀ, ਲੂੰ-ਕੰਡੇ ਖੜੇ ਹੋ ਜਾਂਦੇ ਸਨ ਅਤੇ ਸਿੰਘ ਇਸ ਨੂੰ ਇਕ ਵਾਰ ਪੂਰਨ ਤੌਰ ਤੇ ਮਲੀਆਮੇਟ ਕਰ ਦੇਣ ਦਾ ਪੱਕਾ ਮਨ ਬਣਾਈ ਬੈਠੇ ਸਨ । ਬਾਬਾ ਬੰਦਾ ਸਿੰਘ ਜੀ ਬਹਾਦਰ ਨੇ ਜਦ ਇਸ ਨੂੰ ਜਿਤਿਆ ਸੀ ਅਤੇ ਵਜ਼ੀਰ ਖ਼ਾਨ ਅਤੇ ਸੁੱਚਾ ਨੰਦ ਆਦਿ ਨੂੰ ਕਰਨੀ ਦਾ ਫਲ ਭੁਗਤਾਇਆ ਸੀ, ਉਸ ਵੇਲੇ ਕਈ ਕਾਰਨਾਂ ਕਰਕੇ ਕੁਝ ਸਮੇਂ ਲਈ ਛਡ ਦਿਤਾ ਸੀ । ਅਤੇ ਫੇਰ ਇਸ ਤੋਂ ਪਿਛੋਂ ਖ਼ਾਲਸੇ ਦਾ ਕਦੀ ਪੂਰਾ ਦਾਉ ਨਹੀਂ ਸੀ ਫਬਿਆ । ਇਹ ਸਿੰਘਾਂ ਦੀ ਮਰੋੜ ਤੋਂ ਬਚਿਆ ਰਿਹਾ । ਪਰ ਹੁਣ ਸਮਾਂ ਹੋਰ ਸੀ । ਸਿੰਘਾਂ ਦਾ ਬਲ ਬਹੁਤ ਵਧ ਚੁਕਿਆ ਸੀ । ਨਾਲੇ ਇਸ ਵਾਰ ਹੁਣ ਸਰਬੱਤ ਖ਼ਾਲਸਾ ਸ੍ਰੀ ਅੰਮ੍ਰਿਤਸਰ ਸ੍ਰੀ ਅਕਾਲ ਤਖ਼ਤ ਦੀ ਹਜ਼ੂਰੀ ਵਿਚ ਅਰਦਾਸਾ ਸੋਧ ਕੇ ਚੜ੍ਹਿਆ ਸੀ ਕਿ ਸਰਹੰਦ ਗੁਰੂ ਮਾਰੀ ਨੂੰ ਪੂਰੀ ਤਰ੍ਹਾਂ ਸੋਧ ਦੇਣਾ ਹੈ ਤੇ ਇਸ ਦੀ ਇਟ ਨਾਲ ਇਟ ਖੜਕਾ ਦੇਣੀ ਹੈ । ਇਸ ਪਾਪਾਂ ਦੀ ਬਸਤੀ ਦਾ ਨਿਸ਼ਾਨ ਤਕ ਨਹੀਂ ਰਹਿਣ ਦੇਣਾ । ਖ਼ਾਲਸਾ ਪੂਰੇ ਜੋਸ਼ ਵਿਚ ਸੀ । ਇਨ੍ਹਾਂ ਦੇ ਇਸ


www.AKJ.Org

ਰੋਹ ਦੇ ਵੇਗ ਨੂੰ ਕਿਹੜੀ ਸ਼ਕਤੀ ਸੀ, ਜੋ ਠਲ੍ਹ ਸਕਦੀ ?

## ਜ਼ੈਨ ਖਾਨ ਦਾ ਆਪਣਾ ਕਿਰਦਾਰ ਵੀ ਉਸ ਦਾ ਵੈਰੀ—

ਸਰਹੰਦ ਦਾ ਇਸ ਵੇਲੇ ਦਾ ਇਹ ਫ਼ੌਜਦਾਰ ਜ਼ੈਨ-ਖ਼ਾਨ ਵੀ ਕੋਈ ਨਿੱਗਰ ਆਦਮੀ ਨਹੀਂ ਸੀ। ਆਮ ਦੂਸਰੇ ਅਫ਼ਗਾਨ ਹਾਕਮਾਂ ਵਾਂਗ ਇਸ ਵਿਚ ਵੀ ਮੁਲਕੀ ਪਰਬੰਧ ਦੀ ਭੋਰਾ ਵੀ ਲਿਆਕਤ ਨਹੀਂ ਸੀ। ਚਾਲ ਚਲਣ ਦਾ ਵੀ ਇਹ ਉਚਾ ਸੁਚਾ ਤੇ ਠਸ ਨਹੀਂ ਸੀ। ਅਦਲ ਇਨਸਾਫ ਨਾਉਂ ਦੀ ਕੋਈ ਚੀਜ਼ ਰਹਿ ਨਹੀਂ ਸੀ ਗਈ। ਇਸ ਦੇ ਆਪਣੇ ਵਲੋਂ ਹੀ ਲੁਟ-ਮਾਰ ਦਾ ਬਾਜ਼ਾਰ ਗਰਮ ਸੀ ਅਤੇ ਪਰਜਾ ਕੁਰਲਾ ਰਹੀ ਸੀ। ਪਰਜਾ ਦਾ ਭਰੋਸਾ ਉਠ ਚੁਕਿਆ ਸੀ। ਜ਼ੈਨ ਖ਼ਾਨ ਆਪਣੇ ਆਪ ਬੜਾ ਹੀ ਬਦਨਾਮ ਹੋ ਚੁਕਿਆ ਸੀ। ਤਹਿਮਾਸਨਾਮੇ ਦਾ ਲੇਖਕ ਤਹਿਮਾਸ ਖ਼ਾਨ "ਮਸਕੀਨ", ਜੋ ਜ਼ੈਨ ਖ਼ਾਨ ਦੀਆਂ ਵਧਾਕੀਆਂ, ਜ਼ੁਲਮ ਤੇ ਸੀਨਾ-ਜ਼ੋਰੀਆਂ ਦੀ ਅੱਤ ਵੇਖ ਕੇ ਇਕ ਸਾਲ ਪਹਿਲਾਂ ਹੀ ਨੌਕਰੀ ਛੱਡ ਚੁਕਿਆ ਸੀ ਤੇ ਏਸ ਵੇਲੇ ਸਰਹੰਦ ਵਿਚ ਹੀ ਸੀ, ਅਖੀਂ ਵੇਖੇ ਹਾਲ ਦਾ ਜ਼ਿਕਰ ਕਰਦਾ ਹੋਇਆ ਲਿਖਦਾ ਹੈ ਕਿ "ਜ਼ੈਨ ਖ਼ਾਨ ਨੇ ਪੁਰਾਣੇ ਚਲਦੇ ਆ ਰਹੇ ਪ੍ਰਬੰਧਕੀ ਕਾਨੂੰਨ-ਕਾਇਦੇ ਭੰਨ ਤੋੜ ਛਡੇ ਸਨ। ਉਸ ਦਾ ਆਪਣਾ ਕਿਰਦਾਰ ਵੀ ਬੜਾ ਰੱਦੀ ਹੋ ਚੁਕਿਆ ਹੈ। ਫ਼ੌਜਾਂ ਨੂੰ ਉਸ ਨੇ ਬਾਕਾਇਦਾ ਤਨਖਾਹ ਦੇਣੀ ਬੰਦ ਕਰ ਦਿਤੀ ਹੋਈ ਸੀ। ਉਸ ਨੇ ਆਪਣੇ ਇਲਾਕੇ ਦੇ ਪਿੰਡਾਂ ਨੂੰ ਅੰਨ੍ਹੇਵਾਹ ਬੜੀ ਹੀ ਬੇਦਰਦੀ ਨਾਲ ਲੁੱਟਣਾ ਸ਼ੁਰੂ ਕੀਤਾ ਹੋਇਆ ਸੀ ਅਤੇ ਸਿਪਾਹੀਆਂ ਦੀ ਤਨਖ਼ਾਹ ਬਣਦੀ ਰਕਮ ਦੇ ਬਦਲੇ ਇਸ ਲੁਟ-ਮਾਰ ਵਿਚੋਂ ਕੁਝ ਦਾਣੇ ਦੇਂਦਾ ਸੀ, ਜੋ ਬਣਦੀ ਰਕਮ ਦਾ ਚੌਥਾ ਕੁ ਹਿੱਸਾ ਹੁੰਦੀ ਸੀ। ਉਸਨੇ ਪਹਾੜੀ ਰਾਜਿਆਂ ਨਾਲ ਦੋਸਤਾਨਾ ਗੰਢਿਆ ਹੋਇਆ ਸੀ ਅਤੇ ਕੇਵਲ ਧਨ ਬਟੋਰਨ ਦੇ ਹੀ ਪਿਛੇ ਪਿਆ ਹੋਇਆ ਸੀ। ਇਨ੍ਹਾਂ ਸਿਰੇ ਦੇ ਅਤਿਆ-ਚਾਰਾਂ ਅਤੇ ਮੂਰਖਤਾਈ ਦੇ ਕੰਮਾਂ ਤੋਂ, ਜੋ ਹਮੇਸ਼ਾ ਮੁਸੀਬਤਾਂ ਅਤੇ ਬਰਬਾਦੀ ਦਾ ਕਾਰਨ ਬਣਿਆ ਕਰਦੇ ਹਨ, ਮੈਂ ਸਮਝਦਾ ਸਾਂ ਕਿਸੇ ਚੰਗੇ ਤੇ ਭਲੇ ਭਵਿਖ ਦੀ ਆਸ ਰਖਣਾ, ਸਿਰੇ ਦੀ ਮੂਰਖਤਾ ਸੀ। ਮੈਂ ਆਪਣੇ ਸਾਰੇ ਸਾਥੀਆਂ ਤੇ ਮਿਤਰਾਂ ਨੂੰ ਇਹ ਗੱਲ ਭਲੀ ਪ੍ਰਕਾਰ ਦਸ ਦਿਤੀ ਸੀ ਕਿ ਜ਼ੈਨ ਖਾਨ ਦੀ ਫ਼ੌਜ ਝਬਦੇ ਹੀ ਫਨਾ-ਫਿਲਾ (ਮਲੀਆਮੇਟ) ਹੋ ਜਾਵੇਗੀ ਅਤੇ ਸਰਹੰਦ ਉੱਜੜ ਪੁੱਜੜ ਕੇ ਸਦਾ ਲਈ ਮਿਟ ਜਾਵੇਗਾ।†

ਤਹਿਮਾਸ ਖਾਨ ਦੀ ਇਹ ਭਵਿਸ਼ਬਾਣੀ (ਪੇਸ਼ੀਨ-ਗੋਈ) ਥੋੜੇ ਹੀ ਸਮੇਂ ਅੰਦਰ ਇਨ ਬਿਨ ਸਹੀ ਸਾਬਤ ਹੋਈ। ਇਹ ਬੜਾ ਹੰਢਿਆ-ਪਰਖਿਆ ਤੇ ਦਾਨਸ਼ਵਰ (ਸਿਆਣਾ) ਆਦਮੀ ਸੀ, ਮਾਲੂਮ ਹੁੰਦੇ ਕਿ ਇਸ ਨੂੰ ਖਾਲਸਾ ਜੀ ਦੀ ਚੜ੍ਹਦੀ ਕਲਾ ਅਤੇ ਦਿਨੋ ਦਿਨ ਉਸ ਦੀ ਵਧਦੀ ਜਾ ਰਹੀ ਸ਼ਕਤੀ ਦਾ ਪਹਿਲਾਂ ਹੀ ਭਲੀ ਪ੍ਰਕਾਰ ਪਤਾ ਲਗ ਚੁਕਾ ਸੀ।

ਜ਼ੈਨ ਖਾਨ ਦੇ ਭੈੜੇ ਕਿਰਦਾਰ, ਚੰਦਰੇ ਵਿਹਾਰ, ਅੱਤ ਦੇ ਅਤਿਆਚਾਰ ਨਸ਼ਟ ਹੋ ਚੁਕੇ ਪਰਬੰਧ ਦਾ ਇਹ ਅਸਰ ਹੋਇਆ ਕਿ ਭੁਖ ਦੁਖੋਂ ਆਤਰ ਹੋ ਕੇ ਉਸ ਦੇ ਬਹੁਤ ਸਾਰੇ ਸਿਪਾਹੀ ਅਤੇ ਸਾਥੀ-ਅਫਸਰ ਉਸ ਨੂੰ ਛੱਡ ਕੇ ਰੋਜ਼ੀ ਦੀ ਖਾਤਰ, ਜਮਨਾ ਪਾਰ ਨਜੀਬਉੱਦੌਲਾ ਪਾਸ ਗੰਗ ਦੁਆਬ ਵਿਚ ਚਲੇ ਗਏ ਸਨ। ਮਸਕੀਨ ਜ਼ਰਾ ਸਿਆਣਾ ਹੋਣ ਕਰਕੇ ਜ਼ੈਨ ਖਾਨ ਦੇ ਪਰਬੰਧ ਦੀ ਦੁਰਦਸ਼ਾ ਵੇਖ ਕੇ ਅਤੇ ਉਸ ਦਾ ਅੰਤ ਭਾਂਪ ਕੇ ਸ਼ੁਰੂ ੧੭੬੩ ਈ: ਵਿਚ ਹੀ ਉਸ ਨੂੰ ਛੱਡ ਗਿਆ ਸੀ। ਉਸ ਦੇ ਦੋ ਹੋਰ ਉਘੇ ਅਫਸਰ ਕਾਸਮ ਖਾਨ ਮੜੂਲ ਤੇ ਮੁਤਜ਼ਾ ਖਾਨ ਭੜਾਇਚ ਭੀ ਉਸ ਦੇ ਨਾਲ ਹੀ ਉਸ ਨੂੰ ਖੈਰਬਾਦ ਕਹਿ (ਛੱਡ) ਗਏ ਸਨ।‡ (ਚਲਦਾ)

---

† ਤਹਿਮਾਸ ਖ਼ਾਨ ਮਸਕੀਨ—ਤਹਿਮਾਸ ਨਾਮਾ-ਸਫ਼ਾ ੧੧੩-੧੪, ਰਾਮ ਸੁਖ ਰਾਉ—ਜਸਾ ਸਿੰਘ ਬਿਨੋਦ ਲਿਖਤੀ (ਉਰਦੂ) ਆਰਕਾਈਵਜ਼ ਪਟਿਆਲਾ—ਸਫ਼ਾ ੧੦੮-੯.

‡ ਮਸਕੀਨ—ਤਹਿਮਾਸ ਨਾਮਾ-ਪੰਨਾ ੨੫੦-੨੬੩; ਸਰ ਯਾਦੂ ਨਾਥ ਸਰਕਾਰ—ਫ਼ਾਲ ਆਫ਼ ਦੀ ਮੁਗਲ ਐਮਪਾਇਰ -ਭਾਗ ਦੂਜਾ ਪੰਨਾ ੪੯੧-੯੨; ਡਾ: ਹਰੀ ਰਾਮ ਗੁਪਤਾ—ਹਿਸਟ੍ਰੀ ਆਫ਼ ਦੀ ਸਿਖਸ ਭਾਗ II ਪੰਨਾ ੨੦੧; ਡਾ: ਗੰਡਾ ਸਿੰਘ—ਸ: ਜਸਾ ਸਿੰਘ ਆਹਲੂਵਾਲੀਆ—ਪੰਨਾ ੧੩੯; ਰਾਮ ਸੁਖ ਰਾਉ—ਜੱਸਾ ਸਿੰਘ ਬਿਨੋਦ ਉਰਦੂ (ਲਿਖਤੀ)-੧੦੯-੧੩


www.AKJ.Org

# ਗੁਰਮਤਿ ਵਿਚ ਅਦਵੈਤ-ਵਾਦ

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਆਦਿਤ ਵਾਰਿ ਆਦਿ ਪੁਰਖੁ ਹੈ ਸੋਈ ॥ ਆਪੇ ਵਰਤੈ ਅਵਰੁ ਨ ਕੋਈ ॥
ਓਤਿ ਪੋਤਿ ਜਗੁ ਰਹਿਆ ਪਰੋਈ ॥ ਆਪੇ ਕਰਤਾ ਕਰੈ ਸੁ ਹੋਈ ॥੧॥ (੮੪੧)
ਏਕੋ ਵਰਤੈ ਅਵਰੁ ਨ ਕੋਇ ॥ ਮਨਿ ਰੋਸੁ ਕੀਜੈ ਜੇ ਦੂਜਾ ਹੋਇ ॥੬॥ (੮੪੨)

ਸਾਰੇ ਸੰਸਾਰ ਦਾ ਰਚਨਹਾਰ ਵਾਹਿਗੁਰੂ ਆਪ ਹੈ । ਸਾਰੇ ਜੀਵ ਜੰਤੂ ਤੇ ਪਦਾਰਥ ਪ੍ਰਭੂ ਨੇ ਬਣਾਏ ਹਨ । ਉਹ ਕਰਤਾ ਪੁਰਖ ਹੈ । ਤੇ ਬਾਕੀ ਸਾਰੀ ਰਚਨਾ ਉਸ ਦੀ ਕ੍ਰਿਤ ਹੈ । ਸਭ ਕੁਝ ਉਸ ਦੇ ਹੁਕਮ ਅੰਦਰ ਵਰਤ ਰਿਹਾ ਹੈ ।

ਸਭੁ ਕਿਛੁ ਹੁਕਮੈ ਆਵਦਾ ਸਭੁ ਕਿਛੁ ਹੁਕਮੈ ਜਾਇ ॥
ਜੇ ਕੋ ਮੂਰਖ ਆਪਹੁ ਜਾਣੈ ਅੰਧਾ ਅੰਧੁ ਕਮਾਇ ॥੧॥(੨੧) [ਸਲੋਕ ਮ: ੩, ਪੰਨਾ ਪਪ੬

ਪ੍ਰਸ਼ਨ—ਹੁਕਮ ਦੀ ਖੇਡ ਵਿਚ ਕਰਮ ਕਰਨ ਸਬੰਧੀ ਜੀਵਾਂ ਦੀ ਕੀ ਪੁਜ਼ੀਸ਼ਨ ਹੈ ?

**ਉਤਰ**—ਜਨ ਨਾਨਕ ਕਿਸਨੋ ਆਖਿ ਸੁਣਾਈਐ ਜਾ ਕਰਦੇ ਸਭਿ ਕਰਾਇਆ ॥ (੫੧੩)
ਜਾਂ ਤ੍ਰਿਨ੍ ਸਵਾਲਿਆ ਤਾਂ ਸਵਿ ਰਹਿਆ ਜਗਾਏ ਤਾਂ ਸੁਧਿ ਹੋਇ ॥੨॥(੧੯) (੫੫੪)
ਸੋ ਭੂਲੈ ਜਿਸੁ ਆਪਿ ਭੁਲਾਏ ਬੂਝੈ ਜਿਸੈ ਬੁਝਾਈ ॥ [ਪ੍ਰਭਾਤੀ ਮ: ੧, ਪੰਨਾ ੧੩੪੪
ਨਾਨਕ ਜਿਤੁ ਆਪੇ ਲਾਏ ਤਿਤੁ ਲਗੇ ਕਰਣਾ ਕਿਛੂ ਨ ਜਾਇ ॥੧॥(੧੮) (੫੯੩)

*ਵਿਚਾਰ*—

ਕਰਤਾ ਪੁਰਖ ਵਾਹਿਗੁਰੂ ਹੈ । ਉਹ ਕਰਨ ਕਾਰਨ ਸਮਰੱਥ ਹੈ । ਜਿਵੇਂ ਉਸ ਦਾ ਹੁਕਮ ਹੁੰਦਾ ਹੈ ਓਵੇਂ ਹੀ ਜੀਵ ਕਰਮ ਕਰਦੇ ਹਨ । ਕਰਮ ਕਲਪਨਾ-ਸ਼ਕਤੀ ਦੀ ਉਪਜ ਹਨ । ਮਨੁਖ ਦੀ ਕਲਪਨਾ-ਸ਼ਕਤੀ ਵੀ ਸੁਤੰਤਰ ਨਹੀਂ, ਪ੍ਰਭੂ ਦੇ ਹੁਕਮ ਵਿਚ ਹੈ । ਸਾਰੇ ਜੀਵ ਪ੍ਰਭੂ ਦੀ ਰਚਨਾ ਵਿਚ ਮਾਨੋ ਕਠ-ਪੁਤਲੀਆਂ ਹਨ, ਜੋ ਉਸ ਦੀਆਂ ਨਚਾਈਆਂ ਹੋਈਆਂ ਨਚ ਰਹੀਆਂ ਹਨ । ਜਿਹੋ ਜਿਹੀ ਕਾਰ ਵਿਧਾਤਾ ਨੇ ਕਿਸੇ ਨੂੰ ਸੌਂਪੀ ਹੋਈ ਹੈ ਉਹੋ ਜਿਹੀ ਹਰ ਕੋਈ ਕਰੀ ਜਾ ਰਿਹਾ ਹੈ ।

ਪਰ ਮਨੁੱਖ ਵਾਹਿਗੁਰੂ ਦੀ ਅੰਸ਼ ਹੈ । ਇਸ ਵਿਚ ਸ਼ਕ ਨਹੀਂ ਕਿ ਪ੍ਰਭੂ ਵਲੋਂ ਜੀਵ ਨੂੰ ਕਰਤਾਰੀ ਸ਼ਕਤੀਆਂ ਤੇ ਸਮਰੱਥਾਵਾਂ ਬਖਸ਼ੀਆਂ ਹੋਈਆਂ ਹਨ ਅਤੇ ਇਹ ਪ੍ਰਯੋਗ ਕਰਨ ਲਈ ਹੀ ਹਨ । ਮਨੁੱਖ ਵਿਚ ਸੋਚ-ਸ਼ਕਤੀ ਦਾ ਸੈਂਟਰ ਮਨ ਹੈ, ਜੋ ਨਿਰੰਤਰ ਸੰਕਲਪ ਵਿਕਲਪ ਕਰੀ ਜਾਂਦਾ ਹੈ । ਮਨ ਅਤੇ ਇਸ ਦੇ ਕਰਿੰਦੇ ਗਿਆਨ-ਇੰਦਰੇ ਅਤੇ ਕਰਮ-ਇੰਦਰੇ, ਕਰਮ ਕਰਨ ਲਈ ਹੀ ਮਿਲੇ ਹੋਏ ਹਨ ।

ਇਨ੍ਹਾਂ ਸ਼ਕਤੀਆਂ ਦਾ ਪ੍ਰਯੋਗ ਕਰਦਾ ਹੋਇਆ ਜੋ ਜੀਵ ਹਉਮੈ ਨਹੀਂ ਕਰਦਾ ਤੇ ਰਜ਼ਾ ਵਿਚ ਰਹਿੰਦਾ ਹੈ ਅਤੇ ਕਰਨਹਾਰ ਆਪਣੇ ਆਪ ਨੂੰ ਨਹੀਂ, ਸਗੋਂ ਪ੍ਰਭੂ ਨੂੰ ਮੰਨਦਾ ਹੈ, ਉਹ ਸਮਝਦਾ ਹੈ ਕਿ ਕਰਮ ਕਰਨ ਦੇ ਵਸੀਲੇ (ਮਨ ਤੇ ਸਰੀਰ ਆਦਿ) ਉਸ ਦੇ ਆਪਣੇ ਨਹੀਂ, ਸਗੋਂ ਪ੍ਰਭੂ ਦੀ ਬਖਸ਼ੀ ਦਾਤਿ ਹੈ—

ਸੇਵਾ ਕਰੀ ਜੇ ਕਿਛੁ ਹੋਵੈ ਆਪਣਾ, ਜੀਉ ਪਿੰਡ ਤੁਮਾਰਾ ॥ (੬੩੫)



www.AKJ.Org

ਉਹ ਕਰਮਾਂ ਦੇ ਬੰਧਨਾਂ ਵਿਚ ਨਹੀਂ ਫਸਦਾ। ਹਉਮੈ ਸਾਰੇ ਬੰਧਨਾਂ ਦਾ ਮੂਲ ਹੈ। ਗੁਰੂ ਕੇ ਸ਼ਬਦ ਦੁਆਰਾ ਹਉਮੈ ਮਿਟਦੀ ਹੈ ਤੇ ਦੂਜਾ ਭਾਉ ਨਾਸ ਹੋ ਕੇ ਇਕੋ ਇਕ ਨਜ਼ਰੀ ਪੈਂਦਾ ਹੈ :–

ਏਕਸੁ ਤੇ ਸਭੁ ਦੂਜਾ ਹੋਆ ॥ ਏਕੋ ਵਰਤੈ ਅਵਰੁ ਨ ਬੀਆ ॥
ਦੂਜੇ ਤੇ ਜੇ ਏਕੋ ਜਾਣੈ ॥ ਗੁਰ ਕੈ ਸਬਦਿ ਹਰਿ ਦਰਿ ਨੀਸਾਣੈ ॥੩॥ (੮੪੨)

ਪ੍ਰਸ਼ਨ—ਕੀ ਕੋਈ ਬੁਰਾ ਜਾਂ ਭਲਾ ਮਨੁਖ ਕੁਦਰਤ ਨੇ ਬਣਾਇਆ ਹੈ ?

ਉਤਰ—ਸਭੁ ਅੰਤਰਜਾਮੀ ਬ੍ਰਹਮੁ ਹੈ ਬ੍ਰਹਮੁ ਵਸੈ ਸਭ ਥਾਇ ॥
ਮੰਦਾ ਕਿਸ ਨੋ ਆਖੀਐ ਸਬਦਿ ਵੇਖਹੁ ਲਿਵ ਲਾਇ ॥੬॥
ਬੁਰਾ ਭਲਾ ਤਿਚਰੁ ਆਖਦਾ ਜਿਚਰੁ ਹੈ ਦੁਹੁ ਮਾਹਿ ॥
ਗੁਰਮੁਖਿ ਏਕੋ ਬੁਝਿਆ ਏਕਸ ਮਾਹਿ ਸਮਾਇ ॥੭॥ (੭੫੭)
ਨਾਨਕ ਸਚਾ ਏਕੁ ਹੈ ਦੁਹੁ ਵਿਚਿ ਹੈ ਸੰਸਾਰੁ ॥
ਚੰਗੈ ਮੰਦੈ ਆਪਿ ਲਾਇਅਨੁ, ਸੋ ਕਰਨਿ ਜਿ ਆਪਿ ਕਰਾਏ ਕਰਤਾਰੁ। ੨॥(੮) (੯੫੦)

ਵਿਚਾਰ—

ਸਭ ਕੁਝ ਪ੍ਰਭੂ ਤੋਂ ਹੋਇਆ ਹੈ। ਪ੍ਰਭੂ ਨੇ ਸਭ ਕੁਝ ਚੰਗਾ ਹੀ ਚੰਗਾ ਉਪਾਇਆ ਹੈ। ਇਸ ਲਈ ਉਸ ਦੀ ਰਚਨਾ ਵਿਚ ਕੋਈ ਬੁਰਾ ਨਹੀਂ। ਜਿਹੋ ਜਿਹੀ ਕਿਸੇ ਨੂੰ ਕਾਰ ਸੌਂਪੀ ਹੋਈ ਹੈ ਉਹੋ ਜਿਹੀ ਹਰ ਕੋਈ ਕਰੀ ਜਾ ਰਿਹਾ ਹੈ।

ਬੁਰਾ ਭਲਾ ਕਿਛੁ ਆਪਸੁ ਤੇ ਜਾਨਿਆ ਏਈ ਸਗਲ ਵਿਕਾਰਾ ॥
ਇਹੁ ਫੁਰਮਾਇਆ ਖਸਮ ਕਾ ਹੋਆ ਵਰਤੈ ਇਹੁ ਸੰਸਾਰਾ ॥੨॥(੫॥੧) (੯੯੩)

ਕਿਸੇ ਨੂੰ ਬੁਰਾ ਆਖਣਾ ਜਾਂ ਕਿਸੇ ਦੀ ਨਿੰਦਿਆ ਕਰਨੀ ਉਚਿਤ ਨਹੀਂ, ਇਹ ਮੂਰਖਤਾ ਹੈ।

ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥
ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥੬॥ (੭੫੫)

---

# ਯੂ. ਕੇ. ਇੰਗਲੈਂਡ ਵਿਖੇ ਅਖੰਡ ਕੀਰਤਨ ਪ੍ਰੋਗਰਾਮ

ਭਾਈ ਰਾਜਿੰਦਰ ਸਿੰਘ ਜੀ ਆਨਰੇਰੀ ਜਨਰਲ ਸੈਕਟਰੀ ਡਡਲੇ ਤੋਂ ਇਤਲਾਹ ਦੇਂਦੇ ਹਨ ਕਿ ਅਖੰਡ ਕੀਰਤਨੀ ਜੱਥਾ ਯੂ. ਕੇ. ਵਲੋਂ ਹੇਠ ਲਿਖੇ ਪ੍ਰੋਗਰਾਮ ਹੋ ਰਹੇ ਹਨ। ਯੂ. ਕੇ. ਦੀਆਂ ਸਿਖ ਸੰਗਤਾਂ ਹਾਜ਼ਰੀਆਂ ਭਰ ਕੇ ਗੁਰਬਾਣੀ ਤੇ ਕੀਰਤਨ ਦਾ ਰਸ ਮਾਣੋ ਜੀ।

੮ ਸਤੰਬਰ ਸ਼ਨੀਵਾਰ—ਰੈਣ ਸਬਾਈ ਕੀਰਤਨ; ਸਮੈਥਿਕ ਗੁਰਦੁਆਰੇ ਤੋਂ ਤਿੰਨ ਵਜੇ ਸ਼ਾਮ ਕੋਚ ਚਲੇਗੀ।
ਗੁਰਦਵਾਰਾ ਗੁਰੂ ਗੋਬਿੰਦ ਸਿੰਘ ਜੀ, Malvern street off Leeds Road, Bradford.
Phone-0274-27928

੧੯ ਸਤੰਬਰ ਐਤਵਾਰ ਨੂੰ ਦਸ ਤੋਂ ਦੋ ਵਜੇ ਤਕ ਅਖੰਡ ਕੀਰਤਨ, ਰਾਮਗੜ੍ਹੀਆ ਗੁਰਦੁਆਰਾ ਵਿਖੇ
29, Waverley Road, Small Reath, Birmingham Phon : 021-773-8909,021-772-4582

੨੧ ਤੋਂ ੨੩ ਸਤੰਬਰ—ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਮਾਨਯਵਰ ਬਾਉ ਮਲ ਸਿੰਘ ਜੀ ਨਮਿਤ ਸ੍ਰੀ ਅਖੰਡ ਪਾਠ। ਸਿੰਘ ਸਭਾ ਗੁਰਦਵਾਰਾ, ਸਮਰਸੈਟ ਰੋਡ, ਹੈਂਡਜ਼ਵਰਥ, ਬਰਮਿੰਘਮ-੨੦

੬ ਅਕਤੂਬਰ—ਰੈਣ ਸਬਾਈ ਕੀਰਤਨ; ਸਮੈਥਿਕ ਗੁਰਦਵਾਰੇ ਤੋਂ ਸਾਢੇ ਚਾਰ ਵਜੇ ਕੋਚ ਚਲੇਗੀ।
ਸ੍ਰੀ ਗੁਰੂ ਨਾਨਕ ਪ੍ਰਕਾਸ਼ ਸਿੰਘ ਸਭਾ ਗੁਰਦਵਾਰਾ, 71/75 Fighponds Road, Bristol-5
ਪੁਛ ਗਿਛ ਲਈ ਭਾਈ ਲਖਿੰਦਰ ਸਿੰਘ : ੦੨੭੨—੫੧੧੩੯੩



www.AKJ.Org

# ਸਿੱਖੀ ਪਰਚਾਰ

[ ਵਲੋਂ—ਸ: ਸਾਧੂ ਸਿੰਘ ਜੀ 'ਹਮਦਰਦ']

੨੬-੨੭ ਜੁਲਾਈ ਦੇ ਅਜੀਤ ਵਿਚ ਛਪੇ ਸ: ਸਾਧੂ ਸਿੰਘ ਜੀ ਹਮਦਰਦ ਦੇ ਲੇਖ "ਸਿੱਖੀ ਦੇ ਪ੍ਰਚਾਰਕਾਂ ਨੂੰ" ਵਿਚੋਂ ਅਸੀਂ ਇਹ ਲੇਖ ਦੇ ਰਹੇ ਹਾਂ। ਇਸ ਲੇਖ ਵਿਚੋਂ ਪਤਾ ਲਗਦਾ ਹੈ ਕਿ ਅਮਲੀ ਜੀਵਨ ਹੀ ਸਿੱਖੀ ਦਾ ਸਹੀ ਪਰਚਾਰ ਹੈ। ਜਗਦੇ ਦੀਵੇ ਨਾਲ ਹੀ ਬੁਝਿਆ ਦੀਵਾ ਜਗ ਸਕਦਾ ਹੈ। ਅਮਲੀ ਜੀਵਨ ਤੋਂ ਥੋਥੇ, ਮਾਇਆ ਖ਼ਾਤਰ ਭਟਕ ਰਹੇ ਪਰਚਾਰਕ ਕਿਸੇ ਦਾ ਕੁਝ ਨਹੀਂ ਸਵਾਰ ਸਕਦੇ। —ਸੰਪਾਦਕ

੧੯੬੭ ਵਿਚ ਮੈਂ ਮਾਸਕੋ ਤੋਂ ਇੰਗਲੈਂਡ ਪਹੁੰਚਿਆ। ਮੈਨੂੰ ਹਵਾਈ ਅੱਡੇ ਤੇ ਅਤੇ ਮਗਰੋਂ ਦੂਸਰੀਆਂ ਥਾਵਾਂ ਤੇ ਕੇਸ, ਦਾਹੜੀ ਤੇ ਪਗੜੀ ਵਾਲਾ ਸਿਖ ਕਦੇ ਕਦਾਈਂ ਹੀ ਨਜ਼ਰ ਆਇਆ। ਮੈਂ ਹੈਰਾਨ ਰਹਿ ਗਇਆ ਕਿ ਸਾਊਥਾਲ, ਜਿਸ ਨੂੰ ਛੋਟਾ ਪੰਜਾਬ ਕਿਹਾ ਜਾਂਦਾ ਹੈ, ਉਥੇ ਵੀ ਪਗੜੀ ਵਾਲਾ ਨਜ਼ਰ ਨਹੀਂ ਆਉਂਦਾ ਸੀ।

ਮੇਰੇ ਪੇਟ ਵਿਚ ਖਰਾਬੀ ਸੀ, ਮੈਂ ਇਕ ਡਾਕਟਰ ਦੇ ਕੋਲ ਗਇਆ, ਜੋ ਅੰਦਰ ਦੂਸਰੇ ਮਰੀਜ਼ ਦੇਖ ਰਿਹਾ ਸੀ। ਮੈਂ ਬੈਠਿਆ ਹੀ ਸੀ ਕਿ ਮੇਰੇ ਪਾਸ ਕੜੇ ਵਾਲੀ ਇਕ ਅੰਗਰੇਜ਼ ਔਰਤ ਆ ਬੈਠੀ। ਮੈਂ ਉਸ ਅੰਗਰੇਜ਼ ਔਰਤ ਨੂੰ ਪੁਛਿਆ ਕਿ ਉਸ ਨੇ ਕੜਾ ਕਿਉਂ ਪਹਿਨ ਰਖਿਆ ਹੈ? ਜਵਾਬ ਦਿਤਾ ਗਿਆ ਕਿ ਉਹ ਇਕ ਸਿੱਖ ਦੀ ਪਤਨੀ ਹੈ। ਇਸ ਲਈ ਕੜਾ ਪਹਿਨ ਰਖਿਆ ਹੈ। ਮੈਂ ਉਸ ਦੇ ਪਤੀ ਬਾਰੇ ਪੁਛਿਆ ਤਾਂ ਉਹ ਉਹੀ ਡਾਕਟਰ ਸੀ ਜਿਸ ਦੇ ਪਾਸ ਮੈਂ ਜਾਣਾ ਸੀ। ਮੈਂ ਅੰਦਰ ਗਇਆ ਅਤੇ ਕੇਸ ਦਾਹੜੀ ਵਾਲੇ ਸਿੱਖ ਡਾਕਟਰ ਨੂੰ ਦੇਖ ਕੇ ਖੁਸ਼ ਹੋ ਗਿਆ। ਧਿਆਨ ਨਾਲ ਦੇਖਿਆ ਤਾਂ ਉਸ ਨੇ ਦਾਹੜੀ ਤਰਾਸ਼ੀ ਹੋਈ ਸੀ। ਮੈਂ ਉਸ ਨਾਲ ਗਲਬਾਤ ਕੀਤੀ ਤਾਂ ਉਹ ਪੰਜਾਬੀ ਬੜੀ ਮੁਸ਼ਕਿਲ ਨਾਲ ਬੋਲਦਾ ਸੀ। ਪਤਾ ਲਗਾ ਕਿ ਉਹ ਅਫਰੀਕਾ ਤੋਂ ਆਇਆ ਇਕ ਰਾਮਗੜ੍ਹੀਆ ਸਿੱਖ ਹੈ। ਉਸ ਨੇ ਦਸਿਆ ਕਿ ਉਸ ਦਾ ਪੜਦਾਦਾ ਅਫਰੀਕਾ ਆਇਆ ਸੀ। ਡਾਕਟਰ ਮਾਨਕੂ ਨੇ ਮੈਨੂੰ ਦਸਿਆ ਕਿ ਉਹ ਆਪਣੇ ਖਾਨਦਾਨ ਦਾ ਪਹਿਲਾ ਆਦਮੀ ਹੈ ਜਿਸ ਨੇ ਇਕ ਅੰਗਰੇਜ਼ ਲੜਕੀ ਨਾਲ ਵਿਆਹ ਕੀਤਾ ਹੈ। ਘਰ ਵਾਲਿਆਂ ਨੇ ਉਸ ਨੂੰ ਘਰੋਂ ਕਢ ਦਿਤਾ ਅਤੇ ਉਹ ਇੰਗਲੈਂਡ ਚਲਿਆ ਆਇਆ। ਗੱਲਾਂ ਗੱਲਾਂ ਵਿਚ ਵੀ ਉਸ ਨੇ ਦਸਿਆ ਕਿ ਉਹ ਤਾਂ ਸਿੱਖ ਸ਼ਕਲ ਸੂਰਤ ਵਿਚ ਹੈ, ਉਸ ਦੀ ਔਲਾਦ ਬਿਲਕੁਲ ਹੀ ਅੰਗਰੇਜ਼ ਬੱਚਿਆਂ ਵਰਗੀ ਹੈ।

ਜਦ ਮੈਂ ੧੯੭੫ ਵਿਚ ਇੰਗਲੈਂਡ ਗਇਆ ਤਾਂ ਡਰਬੀ ਸ਼ਹਿਰ ਵਿਚ ਮੈਂ ਲਗਪਗ ਹਰ ਪੰਜਾਬੀ ਨੌਜਵਾਨ ਨੂੰ ਸਿੱਖੀ ਸ਼ਕਲ ਸੂਰਤ ਵਿਚ ਦੇਖਿਆ। ਲੰਡਨ ਤੇ ਦੂਸਰੇ ਸ਼ਹਿਰਾਂ ਵਿਚ ਵੀ ਮੈਨੂੰ ਸਿੱਖੀ ਰੂਪ ਵਿਚ ਬਹੁਤ ਸਾਰੇ ਨੌਜਵਾਨ ਅਤੇ ਬਹੁਤ ਸਾਰੇ ਲੋਕ ਮਿਲੇ। ਮੈਨੂੰ ਪਤਾ ਲਗਾ ਕਿ ਭਾਈ ਸਾਹਿਬ ਰਣਧੀਰ ਸਿੰਘ ਦੀ 'ਰੈਣ-ਸਬਾਈ ਕੀਰਤਨ' ਦੀ ਪਰੰਪਰਾ ਨੇ ਸਿੱਖੀ ਦਾ ਅਮਲੀ ਤੌਰ-ਤੇ ਪ੍ਰਚਾਰ ਕੀਤਾ ਹੈ।

੧੯੬੭ ਵਿਚ ਮੈਂ ਇੰਗਲੈਂਡ ਗਇਆ ਤਾਂ ਇਹ ਪ੍ਰਭਾਵ ਲੈ ਕੇ ਪਰਤਿਆ ਕਿ ਇੰਗਲੈਂਡ ਸਿੱਖੀ ਅਤੇ ਪੰਜਾਬੀਅਤ ਦੀ ਕਤਲਗਾਹ ਹੈ, ਪਰ ਅਠ ਸਾਲ ਮਗਰੋਂ ਜਦ ੧੯੭੫ ਵਿਚ ਦੋਬਾਰਾ ਇੰਗਲੈਂਡ ਗਇਆ ਤਾਂ ਦੇਖਿਆ ਕਿ ਹਵਾ ਦਾ ਰੁਖ਼ ਪੰਜਾਬੀਅਤ ਅਤੇ ਸਿੱਖੀ ਵਲ ਸੀ। ਆਪਣੀ ਰਿਸ਼ਤੇ-



www.AKJ.Org

ਦਾਰ ਲੜਕੀ ਨੂੰ ਮਿਲਣ ਗਇਆ। ਜਦ ਘਰ ਪਹੁੰਚਿਆ ਤਾਂ ਉਥੇ ੧੮-੨੦ ਨੌਜਵਾਨਾਂ ਨੂੰ ਦੇਖਿਆ ਜੋ ਸਿਖ ਰਹਿਤ ਮਰਯਾਦਾ ਦੇ ਪੂਰੀ ਤਰ੍ਹਾਂ ਪਾਬੰਦ ਸਨ। ਉਹ ਭਾਈ ਸਾਹਿਬ ਭਾਈ ਰਣਧੀਰ ਸਿੰਘ ਦੀ ਪਰੰਪਰਾ ਦੇ ਹਾਮੀ ਸਨ। ਪਤਾ ਲਗਾ ਕਿ ਡਰਬੀ ਵਿਚ ਭਾਈ ਸਾਹਿਬ ਦੀ ਰੈਣ ਸਬਾਈ ਕੀਰਤਨ (ਸਾਰੀ ਰਾਤ ਕੀਰਤਨ ਕਰਨ ਵਾਲੇ) ਜਥੇ ਦੇ ਕੁਝ ਲੋਕ ਉਥੇ ਹਨ ਜੋ ਆਪਣਾ ਆਪਣਾ ਕੰਮ ਕਰਦੇ ਹਨ, ਪਰ ਰਾਤ ਨੂੰ ਕੀਰਤਨ ਕਰਦੇ ਹਨ। ਕੀਰਤਨ ਲਈ ਕੋਈ ਮੁਆਵਜ਼ਾ ਨਹੀਂ ਲੈਂਦੇ। ਜੇ ਕੁਝ ਲੈਂਦੇ ਹਨ ਤਾਂ "ਵਾਅਦਾ ਸਿਖ ਬਣਨ ਦਾ"। ਅੰਮ੍ਰਿਤ ਪ੍ਰਚਾਰ ਕਰਦੇ ਹਨ ਅਤੇ ਇਸ ਤਰ੍ਹਾਂ ਉਥੋਂ ਦੇ ਲੋਕਾਂ ਵਿਚ ਅਤੇ ਖਾਸ ਕਰਕੇ ਨੌਜਵਾਨ ਤਬਕੇ ਵਿਚ ਸਿਖ ਧਰਮ ਦਾ ਕਾਫ਼ੀ ਪਰਚਾਰ ਹੋ ਰਿਹਾ ਹੈ। ਇਹ ਲੋਕ ਦੂਸਰੇ ਸ਼ਹਿਰਾਂ ਵਿਚ ਵੀ ਜਾਂਦੇ ਹਨ। ਮੈਂ ਦੇਖਿਆ ਕਿ ਮੇਰੇ ਭਰਾ ਸ: ਪ੍ਰੀਤਮ ਸਿੰਘ ਦਾ ਜੁਆਈ ਤੇ ਉਸ ਦਾ ਭਾਈ ਜੋ ੧੯੭੦ ਤੋਂ ਪਤਿਤ ਸਨ ਅਤੇ ਸਿਖ ਸ਼ਕਲ ਸੂਰਤ ਤੇ ਰਹਿਤ-ਮਰਯਾਦਾ ਛਡ ਚੁਕੇ ਸਨ, ਉਹ ਪੂਰੇ ਗੁਰਸਿਖ ਹਨ। ਮਗਰੋਂ ਉਹਨਾਂ ਦਾ ਪਿਤਾ ਵੀ, ਜੋ ਕਾਫ਼ੀ ਸਮੇਂ ਤੋਂ ਇੰਗਲੈਂਡ ਵਿਚ ਰਹਿ ਰਿਹਾ ਸੀ ਅਤੇ ਪਤਿਤ ਸੀ, ਉਹ ਵੀ ਸਿਖ ਸੱਜ ਗਇਆ ਹੈ। ਉਹ ਸ਼ਰਾਬ ਨਹੀਂ ਪੀਂਦੇ ਅਤੇ ਆਂਡੇ ਤੇ ਮਾਸ ਨੂੰ ਹੱਥ ਤਕ ਨਹੀਂ ਲਗਾਉਂਦੇ। ਮੈਨੂੰ ਦੱਸਿਆ ਗਇਆ ਕਿ ਇੰਗਲੈਂਡ ਦੇ ਲਗ ਪਗ ਹਰ ਸ਼ਹਿਰ ਵਿਚ ਪੰਜਾਬੀ ਹਨ, ਸਿੱਖੀ ਦਾ ਜਜ਼ਬਾ ਅਤੇ ਉਭਾਰ ਪੈਦਾ ਹੋ ਰਿਹਾ ਸੀ।

ਮੈਂ ਸੋਚਿਆ ਕਿ ਇਹ ਹਾਲਾਤ ਪੈਦਾ ਕਰਨ ਦਾ ਕਾਰਨ ਕੀ ਹੈ ? ਪਤਾ ਲਗਾ ਕਿ ਧਰਮ ਦਾ ਇਹ ਪ੍ਰਚਾਰ ਉਹਨਾਂ ਲੋਕਾਂ ਨੇ ਕੀਤਾ ਹੈ, ਜੋ ਪੇਸ਼ਾਵਰ ਪ੍ਰਚਾਰਕ ਨਹੀਂ ਹਨ। ਪੇਸ਼ਾਵਰ ਪ੍ਰਚਾਰਕ ਤਾਂ ਜ਼ਿਦ ਕਰਕੇ ਵਧ ਤੋਂ ਵਧ ਮੁਆਵਜ਼ਾ ਪ੍ਰਾਪਤ ਕਰਨ ਦਾ ਯਤਨ ਕਰਦੇ ਹਨ।ਉਹਨਾਂ ਦਾ ਕਿਰਦਾਰ ਲੋਕਾਂ ਵਿਚ ਧਰਮ ਲਈ ਸ਼ਰਧਾ ਪੈਦਾ ਕਰਨ ਦੀ ਥਾਂ ਉਪਰਾਮਤਾ ਪੈਦਾ ਕਰਨਾ ਹੈ। ਕਈ ਹਾਲਤਾਂ ਵਿਚ ਤਾਂ ਪ੍ਰਚਾਰਕਾਂ ਦਾ ਕਿਰਦਾਰ ਦੇਖਕੇ ਲੋਕਾਂ ਵਿਚ ਪੇਸ਼ਾਵਰ ਪ੍ਰਚਾਰਕਾਂ ਲਈ ਨਫਰਤ ਪੈਦਾ ਹੋ ਜਾਂਦੀ ਹੈ।

ਪੇਸ਼ਾਵਰ ਧਰਮ ਪ੍ਰਚਾਰਕ ਕਿਸੇ ਤਰ੍ਹਾਂ ਵੀ ਲਾਭ-ਦਾਇਕ ਪ੍ਰਚਾਰਕ ਸਾਬਤ ਨਹੀਂ ਹੋ ਸਕਦੇ। ਧਰਮ ਪ੍ਰਚਾਰ ਅਸਲ ਵਿਚ ਅਮਲੀ ਜ਼ਿੰਦਗੀ ਰਾਹੀਂ ਹੀ ਹੋ ਸਕਦਾ ਹੈ। ਉਰਦੂ ਦਾ ਸ਼ਿਅਰ ਹੈ :—

ਅਮਲ ਸੇ ਜ਼ਿੰਦਗੀ ਬਨਤੀ ਹੈ
ਜਨਤ ਭੀ ਜਹੱਨਮ ਭੀ ।
ਯੇ ਖ਼ਾਕੀ ਅਪਨੀ ਫ਼ਿਤਰਤ ਮੇਂ
ਨਾ ਨੂਰੀ ਹੈ ਨਾ ਨਾਰੀ ਹੈ।

ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਅਮਲੀ ਜ਼ਿੰਦਗੀ ਹੀ ਸੀ ਜਿਸ ਨੇ ਸਿੱਖੀ ਨੂੰ ਚਾਰੇ ਪਾਸੇ ਫੈਲਾਇਆ। ਇਸੇ ਤਰ੍ਹਾਂ ਹੀ ਧਰਮ ਦਾ ਪਰਚਾਰ ਕੀਤਾ ਜਾ ਸਕਦਾ ਹੈ। ਸਾਡੇ ਲੀਡਰ ਦਿਨ ਰਾਤ ਕਹਿੰਦੇ ਹਨ ਕਿ ਸਿਖ ਧਰਮ ਵਿਚ ਧਰਮ ਤੇ ਸਿਆ-ਸਤ ਨੂੰ ਇਕ ਤਸਵੀਰ ਦੇ ਦੋ ਪਾਸੇ ਸਮਝਿਆ ਜਾਂਦਾ ਹੈ। ਗੱਲ ਤਾਂ ਠੀਕ ਹੈ ਪਰ ਜਦ ਉਹ ਸਿਆ-ਸਤ ਲਈ ਧਰਮ ਦੀ ਵਰਤੋਂ ਕਰਦੇ ਹਨ ਤਾਂ ਗੱਲ ਵਿਗੜ ਜਾਂਦੀ ਹੈ। ਇਸ ਤਰ੍ਹਾਂ ਲੋਕ ਧਰਮ ਤੋਂ ਦੂਰ ਹੋਣ ਲਗ ਜਾਂਦੇ ਹਨ। ਸਾਡੇ ਇਹ ਲੀਡਰ ਅੱਜ ਵੀ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਦੇ ਬੜੇ ਚਕਰ ਲਗਾ ਰਹੇ ਹਨ, ਪਰ ਜੇ ਇਹ ਦੇਖਿਆ ਜਾਵੇ ਕਿ ਉਹ ਉਥੇ ਕਿੰਨੇ ਲੋਕਾਂ ਨੂੰ ਅੰਮ੍ਰਿਤ ਛਕਾਉਂਦੇ ਹਨ ਅਤੇ ਪਤਿਤਪਨ ਨੂੰ ਜੜ੍ਹੋਂ ਪੁਟਣ ਵਿਚ ਕਿਥੋਂ ਤਕ ਸਫਲ ਹੁੰਦੇ ਹਨ ਤਾਂ ਸਥਿਤੀ ਕੁਝ ਹੌਸਲਾ ਵਧਾਊ ਨਜ਼ਰ ਨਹੀਂ ਆਉਂਦੀ। ਅਸੀਂ ਸਮਝਦੇ ਹਾਂ ਕਿ ਜੋ ਲੋਕ ਧਰਮ ਪ੍ਰਚਾਰ ਦੇ ਚਾਹਵਾਨ ਅਤੇ ਆਪਣੇ ਆਪ ਨੂੰ ਸਿਖੀ ਦੇ ਦਾਅਵੇਦਾਰ ਸਮਝਦੇ ਹਨ, ਉਹਨਾਂ ਨੂੰ ਆਪਣੀ ਜ਼ਿੰਦਗੀ ਵਿਚ ਉਹ ਖਿੱਚ ਪੈਦਾ ਕਰਨੀ ਚਾਹੀਦੀ ਹੈ ਕਿ ਲੋਕ ਉਹਨਾਂ ਨੂੰ ਦੇਖ ਕੇ ਹੀ ਸਿਖੀ ਵਲ ਖਿਚੇ ਆਉਣ। ਸ਼੍ਰੋਮਣੀ ਕਮੇਟੀ ਅਤੇ ਸਿਆਸਤ ਵਿਚ ਕੰਮ ਕਰਨ ਵਾਲਿਆਂ ਵਿਚ ਲਕੀਰ ਖਿਚ ਦੇਣੀ ਚਾਹੀਦੀ ਹੈ ਤਾਂ ਕਿ ਸਿਆਸਤ ਤੇ ਧਰਮ ਇਕ ਦੂਸਰੇ ਵਿਚ ਰਲਗਡ ਹੋ ਕੇ ਲੋਕਾਂ ਨੂੰ ਧਰਮ ਤੋਂ ਦੂਰ ਨਾ ਕੀਤਾ ਜਾ ਸਕੇ।


www.AKJ.Org

ਗੁਰਮੁਖ ਬੈਰਾਗੀ ਜੋਗੀ ਬਾਊ ਮਲ ਸਿੰਘ ਜੀ ਦੇ ਗੁਰ-ਗੋਦੀ ਸਮਾਉਣ ਸਮੇਂ

## "ਕੋਮਲ" ਫੁਲਾਂ ਦੀ ਬਰਖਾ

[ਵਲੋਂ—ਭਾਈ ਸਾਹਿਬ ਹਰਨਾਮ ਸਿੰਘ ਜੀ ਕੋਮਲ, ਲੁਧਿਆਣਾ]

# ਆਹ ! ਹਾ ! ਬਾਊ ਮਲ ਸਿੰਘ ਜੀ

ਘੜੀਆਂ ਬਧੀ, ਪਹਿਰਾਂ ਬੱਧੀ, ਵਰਿਹਾਂ ਬੱਧੀ ਸ਼ਬਦ ਅਲਾਏ।
ਧੰਨ ਪਿਤਾ ਪਰਧਾਨ ਹੈ ਪਿਆਰੇ, ਧੰਨ ਜਣੇਦੀ ਮਾਏ।
ਚਾਰੋਂ ਪਹਿਰ ਤੇ ਰੈਣ ਸਬਾਈ, ਦਿਵਸ-ਸੁਹੇਲੇ ਕੀਰਤਨ ਗਾਏ।
ਗੁਰੂ-ਪੰਥ ਲੀਹਾਂ ਵਿਚ ਰਹਿ ਕੇ, ਸੇਵ ਕਮਾ ਜੀਵਨ ਮਹਿਕਾਏ।
ਸੇਵਾਦਾਰ ਬਾਊ ਮਲ ਸਿੰਘ ਜੀ ! ਜਥੇਦਾਰ ਬਾਊ ਮਲ ਸਿੰਘ ਜੀ !
ਆਹ ! ਹਾ ! ਬਾਊ ਮਲ ਸਿੰਘ ਜੀ ! ਵਾਹ ! ਵਾਹ ! ਬਾਊ ਮਲ ਸਿੰਘ ਜੀ !

ਸੌ ਸਾਲ ਦੀ ਆਯੂ ਸਾਰੀ, ਗੁਰਸਿਖੀ ਨੂੰ ਪਿਆਰਦਾ ਰਿਹਾ।
ਜਨਮ ਮਰਨ ਹਰਿ ਕੀਰਤਨ ਗਾਇ, ਗੁਰਸਿਖ ਮਹਿਕ ਖਿਲਾਰਦਾ ਰਿਹਾ।
ਵਿਵਾਹਵਾਂ ਤੇ ਕੀਰਤਨ, ਰੰਡੇਪੜੇ ਵੀ ਕੀਰਤਨ ਪਿਆਰਦਾ ਰਿਹਾ।
ਹਾਂ ਕੀਰਤਨ ਵਾਹ ! ਕੀਰਤਨ ! ਇਹ ਸੋਹਜ-ਸਿੰਗਾਰ ਸੰਵਾਰਦਾ ਰਿਹਾ।
ਸੇਵਾਦਾਰ ਬਾਊ ਮਲ ਸਿੰਘ ਜੀ ! ਜਥੇਦਾਰ ਬਾਊ ਮਲ ਸਿੰਘ ਜੀ !
ਆਹ ! ਹਾ ! ਬਾਊ ਮਲ ਸਿੰਘ ਜੀ ! ਵਾਹ ! ਵਾਹ ! ਬਾਊ ਮਲ ਸਿੰਘ ਜੀ !

ਅੰਮ੍ਰਿਤ ਸਿੰਚਾਰ ਸਮਾਗਮ ਅੰਦਰ, ਰੂਪ ਅਨਰੂਪ ਕੌਤਕ ਵਰਤਾਏ।
ਜੱਨਮਾਂ ਦੇ ਜਗਿਆਸੂ ਆਏ, ਪੀ ਅੰਮ੍ਰਿਤ ਅਮਰਾ ਪਦ ਪਾਏ।
ਸਿੰਘ ਸਾਹਿਬ ਰਣਧੀਰ ਸਿੰਘ ਗਲਵਕੜੀ ਪਾਏ, ਨਾਮ ਅਲਾਏ।
ਬੈਰਾਗੀ ਜੋਗੀ ਮੋਹਿ ਗਇਆ, ਗਲ ਮਿਲ ਰੱਜ ਰੱਜ ਸੋਹਲੇ ਗਾਏ।
ਸੇਵਾਦਾਰ ਬਾਊ ਮਲ ਸਿੰਘ ਜੀ ! ਜਥੇਦਾਰ ਬਾਊ ਮਲ ਸਿੰਘ ਜੀ !
ਆਹ ! ਹਾ ! ਬਾਊ ਮਲ ਸਿੰਘ ਜੀ ! ਵਾਹ ! ਵਾਹ ! ਬਾਊ ਮਲ ਸਿੰਘ ਜੀ !

ਨਾਰੰਗਵਾਲ ਦੀ ਜੂਹ ਦੇ ਅੰਦਰ, ਪਿੰਡ ਪਿੰਡ ਨੱਗਰ ਨੱਗਰ ਗਗਨੰਦਰ।
ਰੂਹਾਂ ਮਹਿਕਾਈਆਂ ਟਹਿਕਾਈਆਂ, ਸਾਰੇ ਭਾਰਤ ਵਰਸ਼ ਦੇ ਅੰਦਰ।
ਦੇਸ਼ ਦੇਸ਼ਾਂਤਰ ਗੁਰੂ ਪਿਆਰੇ, ਜੱਗ ਮੱਗ ਜੋਤਿ ਜਿਨ ਹਿਰਦਯ ਕੰਦਰ।
ਸਾਰੇ ਰਲ ਮਿਲ, ਗਲ ਮਿਲ ਗਾਵਨ, ਹਰਿਨਾਮੇ ਕੇ ਜੋੜੀ ਸੁੰਦਰ।
ਸੇਵਾਦਾਰ ਬਾਊ ਮਲ ਸਿੰਘ ਜੀ ! ਜਥੇਦਾਰ ਬਾਊ ਮਲ ਸਿੰਘ ਜੀ !
ਆਹ ! ਹਾ ! ਬਾਊ ਮਲ ਸਿੰਘ ਜੀ ! ਵਾਹ ! ਵਾਹ ! ਬਾਊ ਮਲ ਸਿੰਘ ਜੀ !



www.AKJ.Org

# ਸਗੁਰੇ ਹੋਣ ਦੀ ਜੁਗਤੀ ਅੰਮ੍ਰਿਤ-ਮਰਯਾਦਾ ਵਿਚ ਹੀ ਹੈ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ]

ਸਤਿਗੁਰੂ ਦੇ ਪਾਵਣ ਦੀ ਬਿਧੀ, ਨਿਗੁਰਿਓਂ ਸਗੁਰੇ ਹੋਣ ਦੀ ਜੁਗਤੀ, ਮਨਮੁਖ ਤੋਂ ਗੁਰਮੁਖਿ ਬਣਨ ਦੀ ਬਿਉਂਤ, ਨਾਮ ਹੀਣ ਤੋਂ ਨਾਮ ਪਰਬੀਨ ਹੋਣ ਦੀ ਸਬੀਲ, ਇਹ ਸਭ ਕੁਛ ਸ੍ਰੀ ਦਸਮੇਸ਼ ਦੀ ਪ੍ਰਚੁਰਤ ਕੀਤੀ ਪਵਿਤਰ ਅੰਮ੍ਰਿਤ ਮਰਯਾਦਾ ਵਿਚ ਹੈ। ਜਿਸ ਪ੍ਰਾਣੀ ਨੇ ਖੰਡੇ ਦਾ ਅੰਮ੍ਰਿਤ ਨਹੀਂ ਛਕਿਆ ਉਸ ਨੇ ਨਾ ਸਤਿਗੁਰੂ ਨੂੰ ਪਾਇਆ ਹੈ, ਨਾ ਹੀ ਉਸ ਨੂੰ ਸਤਿਗੁਰੂ ਮਿਲਿਆ ਹੈ। ਉਸ ਨੇ ਗੁਰੂ ਧਾਰਨ ਹੀ ਨਹੀਂ ਕੀਤਾ, ਉਹ ਨਿਗੁਰਾ ਹੈ। ਉਹ ਗੁਰੂ ਦਾ ਸਿਖ ਹੀ ਨਹੀਂ ਬਣਿਆ। ਉਸ ਨੂੰ ਨਾਮ ਗੁਰਮੰਤ੍ਰ ਪ੍ਰਾਪਤਿ ਹੀ ਨਹੀਂ ਹੋ ਸਕਦਾ। ਜਿਸ ਦਾ ਕੋਈ ਇਸ਼ਟ ਗੁਰੂ ਹੀ ਨਹੀਂ; ਉਸ ਨੂੰ ਨਾਮ ਕਿਥੋਂ? ਕੋਈ ਇਕ ਇਕੱਲਾ ਅਲਪੱਗ ਦੇਹਧਾਰੀ ਦਸਾਂ ਗੁਰੂ ਸਾਹਿਬਾਨ ਤੋਂ ਪਸਚਾਤ, ਨਾ ਹੀ ਇਸ਼ਟ ਹੋ ਸਕਦਾ ਹੈ, ਨਾ ਹੀ ਸਤਿਗੁਰੂ ਸਦੱ ਸਕਦਾ ਹੈ।

ਸ੍ਰੀ ਗੁਰੂ ਦਸਮੇਸ਼-ਅਸਥਾਪਨ-ਕੀਤਾ-ਗੁਰੂ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਸਭ ਸਿਖਾਂ ਦਾ ਗੁਰੂ ਹੈ। ਸ੍ਰੀ ਗੁਰੂ ਦਸਮੇਸ਼ ਦਾ 'ਸਭ ਸਿਖਨ ਕਉ ਹੁਕਮ ਹੈ ਕਿ 'ਗੁਰੂ ਮਾਨੀਯੋ ਗ੍ਰੰਥ', ਹਾਂ ਜੀ! ਸਭ ਸਿਖਨ ਕੋ ਹੁਕਮ ਹੈ। ਇਸ ਹੁਕਮ ਤੋਂ ਬਾਹਰਾ ਕੋਈ ਭੀ ਸਿਖ ਨਹੀਂ। ਜੋ ਇਸ ਹੁਕਮ ਤੋਂ ਮੁਨਹਰਫ ਹੋ ਕੇ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਆਪੋ ਆਪਣੇ ਦੇਹ-ਧਾਰੀ ਅਲਪਗ ਗੁਰੂ ਬਣਾਉਂਦੇ ਫਿਰਦੇ ਹਨ, ਉਹ ਗੁਰੂ ਦੇ ਸਿਖ ਨਹੀਂ; ਗੁਰੂ ਤੋਂ ਬੇਮੁਖ ਹਨ। ਸਤਿਗੁਰੂ ਤੋਂ ਮੁਨਹਰਫ, ਗੁਰੂ ਦਸਮੇਸ਼-ਹੁਕਮਾਂ ਤੋਂ ਆਕੀ ਹਨ। ਉਹ ਸ੍ਰੀ ਗੁਰੂ ਦਸਮੇਸ਼ ਨੂੰ ਭੀ ਆਪਣਾ ਗੁਰੂ ਨਹੀਂ ਸਮਝਦੇ। ਸ੍ਰੀ ਗੁਰੂ ਦਸਮੇਸ਼ ਜੀ ਨੂੰ ਸਿਰਫ ਸੋਈ ਸਿਖ ਆਪਣਾ ਗੁਰੂ ਮੰਨਦੇ ਹਨ ਜੋ ਸ੍ਰੀ ਗੁਰੂ ਦਸਮੇਸ਼ ਜੀ ਦਾ 'ਸਭ ਸਿਖਨ ਕਉ ਹੁਕਮ ਹੈ ਗੁਰੂ ਮਾਨੀਓ ਗ੍ਰੰਥ' ਵਾਲਾ ਹੁਕਮ ਮਨ ਬਚਨ ਕਰਮ ਕਰਕੇ ਮੰਨਦੇ ਹਨ ਅਤੇ ਸਤਿ ਕਰਕੇ ਮੰਨਦੇ ਹਨ ਤੇ ਮੰਨ ਕੇ ਉਸ ਹੁਕਮ ਉਪਰ ਚਲਦੇ ਹਨ। ਉਹ ਸਿਖ ਗੁਰੂ ਨਾਨਕ-ਦਸਮੇਸ਼ ਸੰਪ੍ਰਦਾਇ ਦੇ ਸਿਖ ਨਹੀਂ ਜੋ ਸ੍ਰੀਗੁਰੂ ਦਸਮੇਸ਼ਜੀ ਦੇ ਇਸ ਹੁਕਮ ਦੇ ਧਾਰਨੀ ਨਹੀਂ। ਉਹ ਹੋਰ ਕਿਸੇ ਪੱਧਤ ਪਰਪਾਟੀ ਦੇ, ਹੋਰ ਕਿਸੇ ਸ਼ਰੇਣੀ ਦੇ ਸਿਖ ਹੋਣਗੇ, ਪਰ ਸ੍ਰੀ ਗੁਰੂ ਨਾਨਕ-ਦਸਮੇਸ਼ ਸੰਪ੍ਰਦਾਇ ਦੇ ਸਿਖ ਨਹੀਂ ਸਦਾ ਸਕਦੇ, ਜੋ ਸ੍ਰੀ ਗੁਰੂ ਦਸਮੇਸ਼ ਹੁਕਮ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਨਹੀਂ ਕਰਦੇ, ਬਲਕਿ ਹੋਰ ਹੋਰ ਅਲਪੱਗ ਦੇਹਧਾਰੀਆਂ ਨੂੰ ਗੁਰੂ ਥਾਪੀ ਫਿਰਦੇ ਹਨ। ਗੁਰਮਤਿ ਨਾਮ ਸਿਮਰਨ ਦੀ ਅਣਮੁਲੀ ਦਾਤਿ ਉਹਨਾਂ ਗੁਰੂ-ਡੰਮੀਆਂ ਦੇ ਹੱਥ ਉੱਕੀ ਹੀ ਨਹੀਂ ਆ ਸਕਦੀ।

ਹਰਿਨਾਮ ਰੂਪੀ ਸੱਚਾ ਨਿਰਮਲ ਅਤੇ ਅਪਰ ਅਪਾਰ ਧਨ ਕੇਵਲ ਗੁਰੂ ਨਾਨਕ ਦਸਮੇਸ਼ ਦੇ ਘਰ ਵਿਚ ਰਹਿ ਕੇ ਹੀ ਵਣਜਿਆ ਵਪਾਰਿਆ ਜਾ ਸਕਦਾ ਹੈ।

ਪ੍ਰੰਤੂ ਇਹ ਤਤ ਅੰਮ੍ਰਿਤ, ਅੰਮ੍ਰਿਤ ਰਸਾਇਣੀ ਖੀਰ ਮਥੇ ਤੇ ਹੀ ਪ੍ਰਾਪਤ ਹੁੰਦਾ ਹੈ, ਨੀਰ-ਵਿਰੋਲਿਆਂ ਨਹੀਂ ਹੁੰਦਾ। ਗੁਰਬਾਣੀ ਹੀ ਅੰਮ੍ਰਿਤ ਰਸਾਇਣੀ ਖੀਰ ਸਮੁੰਦਰ ਹੈ, ਜਿਸ ਨੂੰ ਮਥਿਆਂ ਅੰਮ੍ਰਿਤ ਗੁਣ ਰੂਪੀ ਹੀਰਾ ਰਤਨ ਜੋਤਿ-ਵਿਗਾਸ ਜਗਮਗੀ ਸਰੂਪ ਵਿਖੇ ਘਟ ਅੰਤਰਿ ਹੀ ਆਨਿ ਜਗਮਗਾਉਂਦਾ ਹੈ। ਅਨਦਿਨ ਗੁਰਬਾਣੀ ਰੂਪੀ ਗੁਣ ਗਾਵਣ ਕਰਿ, ਅੰਮ੍ਰਿਤ ਨਾਮ ਰੂਪੀ ਤੱਤ ਵੱਥ ਵਿਚੋਂ ਵਿਗਸ ਆਉਂਦੀ ਹੈ। ਯਥਾ ਗੁਰਵਾਕ:

ਅਨਦਿਨੁ ਹਰਿ ਕੇ ਗੁਣ ਰਵੈ ਗੁਣ ਪਰਗਟੁ ਕਿਤਾ ॥

(੯) ਮ: ੩, ਪੰਨਾ ੫੨੫



www.AKJ.Org

ਰਵਣ ਯੋਗ ਗੋਬਿੰਦ ਗੁਣਾਂ ਦਾ ਸਾਗਰ ਗੁਰਬਾਣੀ ਦੇ ਬੋਹਿਥ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੱਚੇ ਗੁਰਦੇਵ ਹੀ ਹਨ, ਜਿਸ ਅੰਦਰ ਧੁਰ ਕੀ ਆਈ ਪਾਰਸ ਬਾਣੀ ਰੂਪੀ ਅੰਮ੍ਰਿਤ ਭਰਪੂਰ ਹੈ, ਪੂਰੋ ਪੂਰ ਭਰਪੂਰ ਹੈ ।

ਸਤਿਗੁਰੂ ਨਾ ਸਿਰਫ ਸਿਮਰਨ-ਦਾਤਾ ਹੀ ਹੈ, ਬਲਕਿ ਜੋ ਧੁਰੋਂ ਆਈ ਬਾਣੀ ਰੂਪੀ ਅੰਮ੍ਰਿਤ ਬਚਨਾਂ ਦਾ ਤਤ ਬਿਖਿਆਤਾ ਹੈ । ਸੋ ਸਤਿਗੁਰੂ ਗੁਰਦੇਵ ਹੀ ਸੱਚੀ ਪਦਵੀ ਦਾ ਅਧਿਕਾਰੀ ਹੈ । ਸਤਿਗੁਰੂ ਦੇ ਮੁਖੋਂ ਉਚਰੇ ਗੁਰਬਾਣੀ ਰੂਪੀ ਪਾਰਸ-ਬਚਨਾਂ ਦੀ ਪਾਰਸ ਕਲਾ ਤਿਨ੍ਹਾਂ ਵਡਭਾਗੇ ਜਨਾਂ ਨੂੰ ਵਾਹਿਗੁਰੂ ਸੰਗ ਜੋੜਨ ਦਾ ਸੁਭਾਗ ਬਖਸ਼ਦੀ ਹੈ, ਜਿਨ੍ਹਾਂ ਨੂੰ ਕਿ ਸਤਿਗੁਰੂ ਸਾਹਿਬ ਅੰਮ੍ਰਿਤ ਬਚਨਾਂ ਦੀ ਦਾਤਿ ਦੇ ਪਾਤਰ ਬਣਾਉਂਦੇ ਹਨ । ਯਥਾ ਗੁਰਵਾਕ :—

ਸਤਿਗੁਰੁ ਦੇਉ ਪਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ ॥
ਨਾਨਕ ਭਾਗ ਭਲੇ ਤਿਸੁ ਜਨ ਕੇ
ਜੋ ਹਰਿ ਚਰਣੀ ਚਿਤੁ ਲਾਵੈ ॥੫॥੪॥
ਮਲਾਰ ਮ: ੪ (੧੨੬੪)

ਇਸ ਗੁਰਵਾਕ ਅਨੁਸਾਰ ਅਜ ਇਸ ਵਰਤਮਾਨ ਕਾਲ ਅੰਦਰ ਅੰਮ੍ਰਿਤ-ਬਚਨਾਂ ਦਾ ਭੰਡਾਰ, ਗੁਰਬਾਣੀ ਰੂਪੀ ਅੰਮ੍ਰਿਤ ਬਚਨਾਂ ਦਾ ਸੁਣਾਵਣਹਾਰਾ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ । ਇਸ ਗੁਰਵਾਕ ਦੀ ਕਸਉਟੀ ਅਨੁਸਾਰ ਕੋਈ ਭੀ ਅਲਪੱਗ ਦੇਹਧਾਰੀ ਪੁਰਸ਼ ਗੁਰੂ ਕਹਾਉਣ ਦਾ ਅਧਿਕਾਰੀ ਨਹੀਂ । ਗੁਰੂ ਬਾਣੀ ਮਈ ਅੰਮ੍ਰਿਤ ਬਚਨਾਂ ਦੀ ਸ੍ਰੋਤ ਸ੍ਰਵਣੀ ਪੈ ਸਕਦੀ ਹੈ ਤਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪਰਤੱਖ ਹਰਿ ਮੂਰਤ ਦੇ ਸਰੂਪ ਤੋਂ ਪੈ ਦਸੇ ਗੁਰੂ ਪਾਤਸ਼ਾਹੀਆਂ ਦੇ ਸੱਚੇ ਸਕਦੀ ਹੈ । ਸਰੂਪ ਪਰਤੱਖ ਗੁਰਾਂ ਦੀ ਦੇਹ, ਸੱਚੇ ਗੁਰਦੇਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਬਿਨਾ ਹੋਰ ਕੋਈ ਦੇਹਧਾਰੀ ਗੁਰੂ ਅੰਮ੍ਰਿਤ ਬਚਨ ਸੁਣਾਉਣ ਦੇ ਸਮਰੱਥ ਨਹੀਂ । ਇਹ ਸਮਰੱਥਤਾ ਹੈ ਤਾਂ ਸਿਰਫ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਸੁਣ ਪੜ੍ਹ ਕੇ ਅੰਮ੍ਰਿਤ ਬਚਨਾਂ ਦਾ ਸੁਣਾਵਣਹਾਰਾ ਅਤੇ ਉਚਾਰਨ-ਹਾਰਾ, ਬਾਣੀ ਵਕਤਾ, ਪਾਠ ਸੁਣਾਵਣਹਾਰਾ ਪਾਠੀ, ਯਾ ਗੁਰੂ ਹੁਕਮ ਸੁਣਾਵਣਹਾਰਾ ਸੇਵਕ ਮੇਵੜਾ, ਹਰਗਿਜ਼ ਹਰਗਿਜ਼ ਹਰਗਿਜ਼ ਗੁਰੂ ਗੁਰਦੇਵ ਨਹੀਂ ਸਦਾ ਸਕਦਾ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਵਾਚ ਕੇ ਨਾਮ ਬਾਣੀ ਸੁਣਾਵਣਹਾਰਾ ਐਸਾ ਹੀ ਸਿਮਰਨ-ਦਾਤਾ ਨਹੀਂ ਹੋ ਸਕਦਾ, ਨਾ ਹੀ ਸਦਾ ਸਕਦਾ ਹੈ, ਜੈਸਾ ਕਿ ਇਕ ਇਕੱਲਾ ਅਭਿਆਸ ਜਨ ਗੁਰੂ ਦੁਆਰਿਓਂ ਨਾਮ ਦੀ ਦਾਤਿ ਪ੍ਰਾਪਤ ਕਰ ਕੇ ਅਗਾਂਹ ਕਿਸੇ ਨੂੰ ਨਾਮ ਗੁਰਮੰਤ੍ਰ ਦੀਖਿਆ ਯਾ ਸਿਮਰਨ ਨਹੀਂ ਦ੍ਰਿੜ੍ਹਾ ਸਕਦਾ । ਇਸ ਦਾ ਸਿਮਰਨ ਦ੍ਰਿੜ੍ਹਾਉਣਾ ਐਸਾ ਹੀ ਤੱਤ ਸਫਲਤਾ ਹੀਨ ਹੈ ਜੈਸਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਰੂਪ ਤੋਂ ਨਾਮ ਬਾਣੀ ਦਾ ਪਾਠ ਮਾਤਰ ਸੁਣਾਵਣਾ ਅਪੂਰਨ ਸਫਲਤਾ ਸੁਖਦਾਇਕ ਹੈ । ਪਾਠੀ ਦਾ ਸਿਮ-ਰਨ ਪਾਠ ਸੁਣਾਵਣਾ ਸਤਿਗੁਰੂ ਦੇ ਪਰਤੱਖ ਅੰਮ੍ਰਿਤ ਬਚਨ ਸੁਣਾਵਣ ਸਦਰਸ਼ ਨਹੀਂ, ਹਰਗਿਜ਼ ਨਹੀਂ। ਬਾਣੀ ਗੁਰਬਾਣੀ ਦੇ ਪਾਠ ਮਾਤਰ ਸੁਣਾਵਣ ਨਾਲ ਕੋਈ ਉਚੇ ਤੋਂ ਉਚਾ ਗੁਰਮੁਖਿ ਜਨ ਅੰਮ੍ਰਿਤ ਬਚਨ ਸਮਰੱਥਾ ਵਾਲੇ ਅੰਮ੍ਰਿਤ ਬਚਨਾਂ ਦੇ ਸੋਮੇ ਸਤਿਗੁਰੂ ਸਦਰਸ਼ ਨਹੀਂ ਹੋ ਸਕਦਾ, ਨਾ ਹੀ ਗੁਰਬਾਣੀ ਦੇ ਪਾਠ ਦੀ ਸੰਥਿਆ ਸਿਖਾਵਣਹਾਰਾ, ਨਾ ਹੀ ਗੁਰੂ ਬਾਣੀ, ਅੰਮ੍ਰਿਤ ਕਥਾ ਦਾ ਅਰਥਾਵਣਹਾਰਾ ਗੁਰੂ ਸਦੱ ਸਕਦਾ ਹੈ ।

ਗੁਰਬਾਣੀ ਦੇ ਪਾਠ ਰੂਪੀ ਅੰਮ੍ਰਿਤ ਕਥਾ, ਪਾਰਸ ਰੂਪ ਅਕੱਥ ਕਥਾ ਕਥਨ-ਹਾਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅੰਮ੍ਰਿਤ ਮਈ ਪਾਰਸ ਬਾਣੀ ਨਾਲ ਪਰਸ ਕੇ ਪਰਸਦਾ ਪਹਸਦਾ ਖ਼ੁਦ ਤਾਂ ਪਾਵਨ ਪਵਿੱਤਰ ਹੋ ਜਾਂਦਾ ਹੈ, ਸਿਮਰਨ-ਦਾਤਾ ਸਤਿਗੁਰੂ ਨਹੀਂ ਬਣ ਸਕਦਾ । ਸਤਿਗੁਰੂ ਸਾਹਿਬ ਜੀ ਦੇ ਸਾਖਯਾਤ ਸਰੂਪ ਤੋਂ ਸਰੂਪਤ ਹੋ ਕੇ ਅੰਮ੍ਰਿਤ ਬਾਣੀ ਦਾ ਪਾਠ ਸੁਣਾਵਣਹਾਰਾ ਸ੍ਰੋਤੇ ਜਨਾਂ ਉਤੇ ਭੀ ਅੰਮ੍ਰਿਤ ਬਾਣੀ ਦਾ ਪਾਰਸ ਪ੍ਰਭਾਵ ਵਰਤਣ ਵਰਤਾ



www.AKJ.Org

ਸਕਦਾ ਹੈ ਅਤੇ ਅਣ-ਰੁਚਿਆਂ ਦੀ ਰੁਚੀ ਗੁਰੂ ਬਾਣੀ ਵਲ ਲਿਆ ਸਕਦਾ ਹੈ ਪਰ ਸਿਮਰਨ ਨਹੀਂ ਦ੍ਰਿੜ੍ਹਾ ਸਕਦਾ। ਸਿਮਰਨ ਵਾਲੀ ਰੁਚੀ ਰੁਚਿਆ ਸਕਦਾ ਹੈ, ਪਰ ਸਿਮਰਨ-ਦਾਤਿ ਦਾ ਦਾਤਾ ਨਹੀਂ ਬਣ ਸਕਦਾ ਅਤੇ ਸਿਮਰਨ-ਦਾਤਾ-ਸਤਿਗੁਰੂ ਨਹੀਂ ਸਦੱਾ ਸਕਦਾ।

ਅੰਮ੍ਰਿਤ ਬਾਣੀ, ਅੰਮ੍ਰਿਤ ਨਾਮ ਮਈ ਸੁਆਂਤੀ ਬੂੰਦ ਦੇ ਚਾਤ੍ਰਿਕ ਤਿਖਹਾਰਿਆਂ ਦੇ ਕੰਠ ਅੰਦਰ ਪ੍ਰਵੇਸ਼ ਹੋ ਸਕਦੀ ਹੈ, ਤਾਂ ਕੇਵਲ ਸਤਿ-ਗੁਰੂ-ਸੁਆਂਤੀ-ਬੂੰਦ-ਦਾਤੇ ਦੁਆਰਾ ਹੀ ਹੋ ਸਕਦੀ ਹੈ। ਅੰਮ੍ਰਿਤ ਬਾਣੀ ਦੇ ਭੰਡਾਰ, ਅੰਮ੍ਰਿਤ ਬਚਨਾਂ ਦੇ ਸਾਗਰ 'ਪਰਤੱਖ ਹਰਿ ਮੂਰਤਿ' ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਰਸ-ਰਸਾਇਣੀ-ਤਾਬਿਆ ਹਜ਼ੂਰੀ ਵਿਚ, ਪੰਜ ਗੁਰਮੁਖ ਪਿਆਰੇ ਹੀ ਪਾਰਸ ਰਸਾਇਣੀ ਆਕ੍ਰਖਣ ਕਲਾ ਵਰਤਾ ਸਕਦੇ ਹਨ, ਇਕੜ ਦੁਕੜ ਕੋਈ ਸਿਖ ਭੀ ਐਸਾ ਕਰਨ ਤੋਂ ਅਸਮਰਥ ਹੈ।

---

# ਕਲਿ ਕੇਵਲ ਨਾਮ ਅਧਾਰ

[ਵਲੋਂ—ਗਿ: ਗੋਪਾਲ ਸਿੰਘ ਜੀ 'ਮਿੱਤਰ' ਮਾਲਬ (ਗੁੜਗਾਉਂ)]

ਗੁਰਮਤਿ ਥੀਊਰੀ ਨੂੰ ਜਗ ਅੰਦਰ ਜਿਤਨਾ ਮਿਲਿਆ ਏ ਸਤਿਕਾਰ,
ਸ਼ਾਇਦ ਮਾਣ ਕਿਸੇ ਨੂੰ ਇਤਨਾ, ਮਿਲ ਸਕਦਾ ਏ ਵਿਚ ਸੰਸਾਰ।
ਜਗਿਆਸੂ ਨੂੰ ਹਰ ਇਕ ਧਰਮ ਦੁਆਰਾ ਵਖ ਵਖ ਹੀ ਉਪਦੇਸ਼,
ਆਦਿ ਕਾਲ ਤੋਂ ਮਿਲਦਾ ਆਇਐ ਮੋਖਸ਼-ਪ੍ਰਾਪਤੀ ਲਈ ਹਮੇਸ਼।
ਗੁਰਬਾਣੀ ਦੇ ਅੰਦਰ ਆਇਆ ਗੁਰੂ ਗ੍ਰੰਥ ਵਿਚ ਇਹ ਫੁਰਮਾਨ—
ਮੁਕਤੀ ਪ੍ਰਾਪਤ ਕਰਨ ਲਈ ਸੀ, 'ਸਤਜੁਗ' ਅੰਦਰ ਸਤ ਪਰਧਾਨ।
'ਤ੍ਰੇਤੇ' ਅੰਦਰ ਸਤੁ ਦੀ ਥਾਂ ਤੇ ਹੋਏ ਪ੍ਰਚਲਤ 'ਹੋਮ' ਤੇ 'ਜਗੁ'।
'ਦੁਆਪੁਰ' ਅੰਦਰ ਦੇਵਤਿਆਂ ਦੀ ਪੂਜਾ ਬਣ ਗਈ ਮੁਕਤੀ-ਮੱਗ।
'ਕਲਿਜੁਗ' ਅੰਦਰ ਆ ਕੇ ਛਾਇਆ, ਕੂੜ ਕੁਸੱਤ ਦਾ ਘੋਰ ਗ਼ੁਬਾਰ।
ਸਤਿਗੁਰਾਂ ਸੰਤਾਂ ਭਗਤਾਂ ਦਸਿਆ, ਕਲਿਜੁਗ 'ਕੇਵਲ ਨਾਮ ਅਧਾਰ।'*
ਦੇਸ ਦਿਸੰਤਰ ਫਿਰ ਕੇ ਸਤਿਗੁਰ ਨਾਨਕ ਫੇਰੀ ਨਾਮ-ਦੁਹਾਈ।
ਇਹ ਉਪਦੇਸ਼ ਦ੍ਰਿੜ੍ਹਾ ਕੇ ਔਝੜ ਜਾਂਦੀ ਦੁਨੀਆ ਰਾਹੇ ਪਾਈ।
ਨਾਮ ਦੁਆਰਾ ਸੁਰਤਾਂ ਸੁੱਤੀਆਂ ਹੋਈਆਂ ਜਿਸ ਨੇ ਝੂਣ ਜਗਾਈਆਂ।
ਰੂਹਾਂ ਹਜ਼ਾਰਾਂ ਹੀ ਪਿਆਸੀਆਂ ਨਾਮ-ਅਮਿਉ-ਰਸ ਦੇ ਤ੍ਰਿਪਤਾਈਆਂ।
ਹਿਰਦੇ ਰੂਪ ਚਮਨ ਦੇ ਅੰਦਰ, ਲੈ ਆਉਣ ਲਈ ਸਦਾ-ਬਹਾਰ।
ਖੇੜਾ ਤੇ ਉਤਸ਼ਾਹ ਦੇਣ ਲਈ, ਕੀਤਾ ਗੁਰਮਤਿ-ਨਾਮ-ਸੰਚਾਰ।
ਗੁਰਬਾਣੀ ਦੇ ਅੰਦਰ ਦੱਸੀ, ਸਭ ਤੋਂ ਸ੍ਰੇਸ਼ਟ ਨਾਮ-ਵਡਿਆਈ।
ਸ੍ਰੀ ਮੁਖ ਤੋਂ ਫੁਰਮਾਇਆ ਪੜ੍ਹ ਲੋ "ਗੁਰਮਤਿ ਨਾਮੁ ਮੇਰਾ ਪ੍ਰਾਨ ਸਖਾਈ।†
ਗੁਰੂ ਗ੍ਰੰਥ ਸਾਹਿਬ ਦੇ ਅੰਦਰ ਮਿਲਦੇ ਜਿਹੇ ਪ੍ਰਮਾਣ ਹਜ਼ਾਰਾਂ।

---

* ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾ ਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ ਨਾਮ ਅਧਾਰ ॥ (੩੪੬)

† ਗੂਜਰੀ ਮਹਲਾ ੪, ਪੰਨਾ ੪੯੨

ਅੰਬਾਲਾ ਸ਼ਹਿਰ ਦੇ

## ਇਤਿਹਾਸਕ ਗੁਰਦੁਆਰੇ

### ੧. ਗੁ: ਮੰਜੀ ਸਾਹਿਬ ਬਾਉਲੀ ਸਾਹਿਬ—

ਇਹ ਅਸਥਾਨ ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਮੀਰੀ ਪੀਰੀ ਦੇ ਮਾਲਕ ਦਾ ਹੈ। ਛੇਵੇਂ ਪਾਤਸ਼ਾਹ ਜੀ ਨੇ ਜਹਾਂਗੀਰ ਬਾਦਸ਼ਾਹ ਦੇ ਬੁਲਾਵੇ ਤੇ ਅੰਮ੍ਰਿਤਸਰ ਤੋਂ ਦਿਲੀ ਜਾਂਦਿਆਂ ਇਥੇ ਰਾਤ ਬਿਸਰਾਮ ਕੀਤਾ ਸੀ; ਤੇ ਗਵਾਲੀਅਰ ਦੇ ਕਿਲ੍ਹੇ ਤੋਂ ੫੨ ਰਾਜਿਆਂ ਦੀ ਬੰਦ-ਖਲਾਸੀ ਕਰਵਾ ਕੇ ਅੰਮ੍ਰਿਤਸਰ ਵਾਪਸ ਜਾਂਦਿਆਂ ਵੀ ਰਾਤ ਇਥੇ ਠਹਿਰੇ ਸਨ। ਦੀਵਾਲੀ ਵਾਲੇ ਦਿਨ ਅੰਮ੍ਰਿਤਸਰ



www.AKJ.Org

ਜਗਿਆਸੂ ਵੀਚਾਰ ਕਰੇ ਤਾਂ ਸੁਰ ਹੋ ਜਾਵਣ ਦਿਲ ਦੀਆਂ ਤਾਰਾਂ।
‡"ਝਾਲਾਘੇ ਉਠਿ ਨਾਮੁ ਜਪਿ" ਜੋ ਜਿਹਵਾ 'ਵਾਹਿਗੁਰੂ' 'ਵਾਹਿਗੁਰੂ' ਗਾਵੇ,
()"ਪੰਚ ਸਬਦ ਧੁਨਿ ਅਨਹਦ ਵਾਜੇ" ਸਹਿਜੇ ਮੋਖ ਮੁਕਤਿ ਸੋ ਪਾਵੇ।
ਏਕ ਨਾਮ ਸਿਮਰਨ ਦਾ ਸਦਕਾ 'ਲਹਿਣੇ' ਤੋਂ ਗੁਰ 'ਅੰਗਦ' ਹੋਏ।
'ਅਮਰਦਾਸ' ਜੀ ਨਾਮ ਸਿਮਰ ਕੇ ਸਹਿਜੇ ਹੀ ਗੁਰ ਜੋਤਿ ਸਮੋਏ।
ਰੰਗ ਚੜ੍ਹੇ ਜਿਸ ਨੂੰ ਉਹ ਗਾਵੇ []"ਜਪਿ ਗੋਬਿੰਦੁ ਗੋਪਾਲ ਲਾਲੁ।"
"ਰਾਮ ਨਾਮ ਸਿਮਰਿ ਤੂ ਜੀਵਹਿ ਫਿਰਿ ਨ ਖਾਈ ਮਹਾ ਕਾਲੁ।"
*"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ਸਾਸਿ ਸਾਸਿ ਸਮਾਲੇ।
ਇਹ ਲੋਕਿ ਪਰਲੋਕਿ ਸੰਗਿ ਸਹਾਈ ਜਤ ਕਤ ਮੋਹਿ ਰਖਵਾਲੇ।"
†"ਸਿਮਰਉ ਸਿਮਰਿ ਸਿਮਰਿ ਸੁਖ ਪਾਵਉ, ਕਲਿ ਕਲੇਸ ਤਨ ਮਾਹਿ ਮਿਟਾਵਉ।"
o"ਦੁਸਮਨੁ ਦੂਖੁ ਨ ਆਵੈ ਨੇਰੈ" ਘਰ ਬੈਠੇ ਪ੍ਰਭ ਅਪਨਾ ਪਾਵਉ।
'ਮਿਤਰ' ਜਿਸ ਹਿਰਦੇ ਦੇ ਅੰਦਰ ਆ ਕੇ ਵਸਿਆ ਨਾਮ ਰਬਾਣੀ।
ਵਾਰ ਵਾਰ ਮੈਂ ਜਾਵਾਂ ਸਦਕੇ ਤਿਸ ਗੁਰਸਿਖ ਵਿਟਹੁ ਕੁਰਬਾਣੀ।

---

‡ ਗਉੜੀ ਬਾਵਨ ਅਖਰੀ ਮ: ੫, ਪੰਨਾ ੨੫੫
() ਸੂਹੀ ਮ: ੧, ਪੰਨਾ ੭੬੪ [] ਰਾਮਕਲੀ ਮ: ੫, ਪੰਨਾ ੮੮੫-੮੬
* ਧਨਾਸਰੀ ਮ: ੫, ਪੰਨਾ ੬੭੯ † ਸੁਖਮਨੀ ਸਾਹਿਬ ਪੰਨਾ ੨੬੨
o ਪ੍ਰਭਾਤੀ ਮ: ੫, ਪੰਨਾ ੧੩੪੦

ਪਹੁੰਚੇ ਸਨ। ਇਸ ਅਸਥਾਨ ਤੇ ਦਸਵੇਂ ਪਾਤਸ਼ਾਹ ਵੀ ਲਖਨੌਰ ਤੋਂ ਸੈਰ ਕਰਦੇ ਇਥੇ ਆਏ ਸਨ। ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਪੂਰਬ ਪਾਸੇ ਅਧਾ ਕੁ ਮੀਲ ਤੇ ਇਹ ਅਸਥਾਨ ਹੈ।

੧੯੫੦ ਵਿਚ ਗੁਰਦੁਆਰੇ ਦੀ ਬਿਲਡਿੰਗ ਦੀਆਂ ਨੀਂਹਾਂ ਖੋਦਣ ਸਮੇਂ ਭੋਰਾ ਸਾਹਿਬ ਤੇ ਬਾਉਲੀ ਸਾਹਿਬ ਪ੍ਰਗਟ ਹੋਏ ਸਨ, ਜਿਨ੍ਹਾਂ ਬਾਰੇ ਛੇਵੇਂ ਸਤਿਗੁਰੂ ਜੀ ਨੇ ਦੀਨ ਦੁਖੀਆਂ ਦੇ ਕਸ਼ਟ ਨਵਿਰਤ ਕਰਨ ਦੇ ਵਰ ਦਿਤੇ।

## ੨. ਗੁਰਦੁਆਰਾ ਸੀਸ ਗੰਜ ਸਾਹਿਬ :–

ਨੌਵੇਂ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਜਦੋਂ ਚਾਂਦਨੀ ਚੌਕ ਦਿਲੀ ਵਿਚ ਸ਼ਹੀਦ ਕੀਤਾ ਗਿਆ ਤਾਂ ਉਹਨਾਂ ਦਾ ਪਵਿਤਰ ਸੀਸ ਭਾਈ ਜੈਤਾ ਜੀ ਅਨੰਦਪੁਰ ਸਾਹਿਬ ਲੈ ਜਾਂਦੇ ਹੋਏ, ਰਾਤ ਇਥੇ ਠਹਿਰੇ ਤੇ ਹਜ਼ੂਰ ਦਾ ਸੀਸ ਇਥੇ ਰਖਿਆ। ਇਹ ਗੁਰਦੁਆਰਾ ਸਬਜ਼ੀ ਮੰਡੀ ਲਾਗੇ ਗਲੀ ਵਿਚ ਹੈ ਅਤੇ ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਪੂਰਬ ਪਾਸੇ ਇਕ ਮੀਲ ਦੇ ਕਰੀਬ ਹੈ।

## ੩. ਗੁਰਦੁਆਰਾ ਬਾਦਸ਼ਾਹੀ ਬਾਗ਼ (ਨੇੜੇ ਕਚਹਿਰੀਆਂ) :–

ਇਸ ਅਸਥਾਨ ਤੋਂ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੰਕਾਰੇ ਹੋਏ ਸ਼ਾਹੀ ਕਾਜ਼ੀ ਪੀਰ ਨੂਰਦੀਨ ਦੇ ਬਾਜ਼ ਨਾਲ ਚਿੜੀਆਂ ਲੜਾਣੀਆਂ ਅਰੰਭ ਕੀਤੀਆਂ। ਗੁਰੂ ਸਾਹਿਬ ਦੀਆਂ ਚਿੜੀਆਂ ਨੇ ਪੀਰ ਦੇ ਬਾਜ਼ ਨੂੰ ਜ਼ਖਮੀ ਕਰ ਦਿਤਾ। ਬਾਜ਼ ਤੇ ਚਿੜੀਆਂ ਲੜਦੇ ਲੜਦੇ ਗੁਰਦੁਆਰਾ ਗੋਬਿੰਦਪੁਰਾ ਪਹੁੰਚੇ।

## ੪. ਗੁਰਦੁਆਰਾ ਗੋਬਿੰਦ ਪੁਰਾ (ਨੇੜੇ ਲਭੂਵਾਲਾ ਤਲਾਬ, ਜੈਨ ਕਾਲਜ) :–

ਇਹ ਉਹ ਅਸਥਾਨ ਹੈ ਜਿਥੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਨਜ਼ਰਿ - ਰਹਿਮਤ ਤੋਂ ਬਲਵਾਨ ਹੋਈਆਂ ਚਿੜੀਆਂ ਨੇ ਸ਼ਾਹੀ ਕਾਜ਼ੀ ਪੀਰ ਨੂਰਦੀਨ ਦੇ ਬਾਜ਼ ਦੀ ਬੋਟੀ ਬੋਟੀ ਕਰ ਦਿਤੀ ਤੇ ਕਲਗੀਧਰ ਜੀ ਨੇ 'ਚਿੜੀਆਂ ਕੋਲੋਂ ਬਾਜ਼ ਤੁੜਾਉਂ, ਤਬ ਗੋਬਿੰਦ ਸਿੰਘ ਨਾਮ ਕਹਾਉਂ" ਨੂੰ ਸਚ ਕਰ ਵਿਖਾਇਆ। ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਅਧ ਕੁ ਮੀਲ ਹੈ।

## ੫. ਗੁਰਦੁਆਰਾ ਸਤਿਸੰਗਤ ਸਾਹਿਬ :–

ਇਸ ਅਸਥਾਨ ਤੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ੨੧ ਦਿਨ ਦੋਨੋਂ ਵਕਤ ਸਵੇਰੇ ਸ਼ਾਮ ਦੀਵਾਨ ਲਾ ਕੇ ਸੰਗਤਾਂ ਨੂੰ ਉਪਦੇਸ਼ ਦੇਂਦੇ ਰਹੇ ਤੇ ਰੋਜ਼ਾਨਾ ਸਤਿਸੰਗ ਹੁੰਦਾ ਰਿਹਾ। ਇਹ ਅਸਥਾਨ ਕੁਮਹਾਰਾਂ ਦੇ ਮਹੱਲੇ ਵਿਚ ਜਗਾਧਰੀ ਗੇਟ ਪਾਸ ਹੈ।

## ੬. ਗੁਰਦੁਆਰਾ ਸਾਹਿਬ ਪਾ: ੮–

ਦਰਵਾਜ਼ਾ ਸਪਾਟੂ ਤੋਂ ਬਾਹਰ ਗਊਸ਼ਾਲ ਦੇ ਬਰਾਬਰ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦਾ ਗੁਰਦੁਆਰਾ ਹੈ। ਗੁਰੂ ਜੀ ਦਿਲੀ ਜਾਂਦੇ ਠਹਿਰੇ। ਗੁਰਦੁਆਰਾ ਛੋਟਾ ਜਿਹਾ ਬਣਿਆ ਹੋਇਆ ਹੈ। ਨਾਲ ੧੦ ਵਿਘੇ ਜ਼ਮੀਨ ਵੀ ਹੈ। ਰੇਲਵੇ ਸਟੇਸ਼ਨ ਅੰਬਾਲਾ ਸ਼ਹਿਰ ਤੋਂ ਪੂਰਬ ਪਾਸੇ ਇਕ ਮੀਲ ਤੇ ਹੈ।

www.AKJ.Org

# ਸਾਧ ਸੰਗਤਿ

[ਵੱਲੋਂ—ਗਿ: ਗੋਪਾਲ ਸਿੰਘ ਜੀ ਮਿੱਤਰ, ਮਾਲਬ, ਜ਼ਿਲਾ ਗੁੜਗਾਉਂ]

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਜਗਤ ਜਲੰਦੇ ਨੂੰ ਠਾਰਨ ਲਈ ਅਕਾਲ ਪੁਰਖ ਵਲੋਂ ਨੌ ਨਿਧਿ ਨਾਮ ਅਤੇ ਗਰੀਬੀ ਦੀਆਂ ਅਮੁੱਕ ਦਾਤਾਂ ਲੈ ਕੇ ਸੰਸਾਰ ਤੇ ਆਏ ਤੇ ਭੱਠ ਵਾਂਗ ਤਪਦੇ ਮਨੁੱਖੀ ਹਿਰਦਿਆਂ ਨੂੰ ਸ਼ਾਂਤਿ ਪ੍ਰਦਾਨ ਕਰਨ ਲਈ 'ਚੜ੍ਹਿਆ ਸੋਧਣਿ ਧਰਤਿ ਲੁਕਾਈ'। ਸੰਸਾਰੀ ਮੋਹ, ਇਸਤ੍ਰੀ, ਪੁਤਰ, ਮਾਇਆ ਦਾ ਤਿਆਗ ਕਰ ਕੇ ਚਾਰ ਉਦਾਸੀਆਂ (ਪ੍ਰਚਾਰ ਫੇਰੀਆਂ) ਧਾਰਨ ਕੀਤੀਆਂ। ਆਪ ਜਿਸ ਜਿਸ ਸਥਾਨ ਤੇ ਗਏ ਉਥੋਂ ਦੇ ਵਸਨੀਕਾਂ ਨੂੰ ਪ੍ਰਭੂ ਪਰਮੇਸ਼ਰ ਦੇ ਨਾਮ ਦਾ ਉਪਦੇਸ਼ ਧਾਰਨੀ ਬਣਾ ਕੇ ਧਰਮ ਦੀ ਕਿਰਤ ਕਰ ਕੇ ਨਿਰਬਾਹ ਕਰਨ ਦਾ ਤੇ 'ਹਥਹੁ ਦੇ ਕੇ ਭਲਾ ਮਨਾਏ' ਦਾ ਅਮਰ-ਸੰਦੇਸ਼ ਦਿਤਾ ਅਤੇ ਮਨੁਖੀ ਮਨਾਂ ਦੇ ਸਦੈਵੀ ਸੁਧਾਰ ਹਿਤ ਧਰਮ-ਸਾਲਾਂ ਭਾਵ ਸਤਸੰਗਤ-ਮੰਡਲ ਕਾਇਮ ਕੀਤੇ। ਉਹਨਾਂ ਧਰਮ-ਅਸਥਾਨਾਂ ਵਿਚ ਅਧਿਆਤਮ-ਅਵਸਥਾ ਦੀ ਉੱਨਤੀ ਦੇ ਚਾਹਵਾਨ ਇਕੱਠੇ ਹੁੰਦੇ ਹਨ ਅਤੇ—

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ
ਗੁਰਮੁਖਿ ਬੈਸਹੁ ਸਫਾ ਵਿਛਾਇ ॥੧॥
[ਬਸੰਤ ਮ: ੫, ਪੰਨਾ ੧੧੮੫

ਅਨੁਸਾਰ ਸਤ ਸਰੂਪ ਵਾਹਿਗੁਰੂ ਅਕਾਲ ਪੁਰਖ ਪ੍ਰਭੂ ਪਰਮੇਸ਼ਵਰ ਦਾ ਸਿਮਰਨ ਚਿੰਤਨ ਕਰਦੇ ਸਨ। ਹੁਣ ਇਹ ਅਸਥਾਨ 'ਗੁਰਦੁਆਰੇ' ਕਰਕੇ ਪ੍ਰਸਿਧ ਹਨ। ਜਿਥੇ ਸਤਸੰਗ, ਗੁਰਬਾਣੀ ਕੀਰਤਨ ਕਥਾ, ਪਾਠ ਨਿਤਾਪ੍ਰਤਿ ਹੁੰਦੇ ਰਹਿੰਦੇ ਹਨ। ਆਦਿ ਸਤਿਗੁਰੂ ਜੀ ਨੇ ਸਤਸੰਗਤ ਬਾਰੇ ਬਾਣੀ ਵਿਚ ਫੁਰਮਾਇਆ ਹੈ—

ਪ੍ਰਸ਼ਨ—ਸਤ ਸੰਗਤਿ ਕੈਸੀ ਜਾਣੀਐ ॥
ਉੱਤਰ—ਜਿਥੈ ਏਕੋ ਨਾਮੁ ਵਖਾਣੀਐ ॥
ਏਕੋ ਨਾਮੁ ਹੁਕਮੁ ਹੈ
ਨਾਨਕ ਸਤਿਗੁਰਿ ਦੀਆ ਬੁਝਾਇ ਜੀਉ ।੫।
[ਸਿਰੀ ਰਾਗੁ ਮ: ੧, ਪੰਨਾ ੭੨

ਸਾਧ ਸੰਗਤ ਨੂੰ ਗੁਰਮਤਿ ਵਿਚ ਚਟਸਾਲਾ ਭਾਵ ਸਕੂਲ ਕਰਕੇ ਜਣਾਇਆ ਹੈ—

ਸਤ ਸੰਗਤਿ ਸਤਿਗੁਰ ਚਟਸਾਲ ਹੈ
ਜਿਤੁ ਹਰਿ ਗੁਣ ਸਿਖਾ ॥੮॥
[ਕਾਨੜੇ ਕੀ ਵਾਰ, ਪੰਨਾ ੧੩੧੬

ਇਸ ਸਕੂਲ ਵਿਚ ਆਣ ਵਾਲੇ ਵਿਦਿਆਰਥੀ ਗੁਰਬਾਣੀ ਗੁਰ ਉਪਦੇਸ਼ਾਂ ਨੂੰ ਸ੍ਰਵਣ ਕਰ ਕੇ ਉਨ੍ਹਾਂ ਉਤੇ ਅਮਲ ਕਰਦੇ ਹੋਏ ਦੈਵੀ ਗੁਣ ਸਤੁ, ਸੰਤੋਖ, ਦਇਆ, ਧਰਮ ਆਦਿ ਦੇ ਧਾਰਨੀ ਹੋ ਕੇ ਆਤਮਕ ਅਵਸਥਾ ਦੀ ਉਚੀ ਟੀਸੀ ਤੇ ਪੁਜ ਜਾਂਦੇ ਹਨ ਤੇ—

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ
ਹੁਕਮਿ ਮੰਨਿਐ ਪਾਈਐ ॥
[ਰਾਮਕਲੀ ਮ: ੩, ਪੰਨਾ ੯੧੮

ਮਨਜ਼ਲ ਤੇ ਪਹੁੰਚਦੇ ਹਨ।

ਅਸਲ ਰੂਪ ਵਿਚ ਸਾਧ ਸੰਗਤ ਉਹੋ ਹੈ ਜਿੱਥੇ ਦਸਾਂ ਪਾਤਸ਼ਾਹੀਆਂ ਦੀ ਆਤਮਕ ਜੋਤਿ ਚੌਰ ਤਖ਼ਤ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ ਤੇ ਸਤਿਸੰਗ, ਗੁਰਬਾਣੀ ਕਥਾ ਕੀਰਤਨ ਆਦਿ ਦਾ ਪਰਚਾ ਹੋਵੇ। ਗੁਰ-ਵਾਕ ਹੈ :—

ਜਹ ਸਤਿਗੁਰੂ ਤਹ ਸਤਸੰਗਤਿ ਬਣਾਈ ॥
੨॥੮॥ [ਗਉੜੀ ਮ: ੩, ਪੰਨਾ ੧੬੦

ਅਜ ਕਲ ਤਾਂ ਪਖੰਡੀ ਤੇ ਭੇਖੀ ਆਪੂੰ ਬਣੇ



www.AKJ.Org

ਦੇਹਧਾਰੀ ਗੁਰੂਆਂ ਨੇ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰ ਕੇ ਆਪਣੀਆਂ ਗੁਰੂ-ਡੰਮ ਦੀਆਂ ਦੁਕਾਨਾਂ ਚਲਾ ਰਖੀਆਂ ਹਨ। ਉਨ੍ਹਾਂ ਨੂੰ ਸੰਗਤ ਨਹੀਂ ਕਿਹਾ ਜਾ ਸਕਦਾ। ਸਾਧ ਸੰਗਤ ਉਹ ਹੈ ਜਿਥੇ ਦਸ ਗੁਰੂ ਜੋਤਾਂ ਅਤੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ 'ਸ਼ਬਦ ਗੁਰੂ' ਦੇ ਸਿਦਕੀ ਸ਼ਰਧਾਵਾਨ ਗੁਰਸਿਖ ਜੁੜ ਕੇ ਆਤਮਕ ਲਾਹਾ ਖਟਦੇ ਹਨ। ਗੁਰਬਾਣੀ ਦਾ ਫੁਰਮਾਨ ਹੈ—

ਭਗਤ ਸੋਹਹਿ ਦਰਵਾਰਿ ਸਬਦਿਸੁਹਾਇਆ ਜੀਉ॥
ਬੋਲਹਿ ਅੰਮ੍ਰਿਤ ਬਾਣਿ
ਰਸਨ ਰਸਾਇਆ ਜੀਉ ॥੪॥

[ਧਨਾਸਰੀ ਛੰਤ ਮ: ੧, ਪੰਨਾ ੬੮੮

ਕਿਉਂਕਿ ਅਜਿਹੇ ਸਤਸੰਗ ਮੰਡਲ ਵਿਚ ਪ੍ਰਵੇਸ਼ ਕਰਨ ਨਾਲ ਪ੍ਰਭੂ ਪਰਮੇਸ਼ਰ ਦਾ ਪਿਆਰ ਮਨ ਵਿਚ ਉਪਜਦਾ ਹੈ ਤੇ ਉਹ ਪਿਆਰ ਭਗਤੀ (ਸਿਮਰਨ) ਦੇ ਰੂਪ ਵਿਚ ਹਿਰਦੇ ਅੰਦਰ ਨਿਵਾਸ ਕਰ ਜਾਂਦਾ ਹੈ। ਭਗਤ ਰਵਿਦਾਸ ਜੀ ਦਾ ਕਥਨ ਹੈ—

ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ
ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥
੩॥੨॥[ਧਨਾਸਰੀ ਰਵਿਦਾਸ ਜੀ, ਪੰ: ੬੯੪

ਸਾਧ ਸੰਗਤ ਸਚੇ ਵਾਹਿਗੁਰੂ ਅਕਾਲ ਪੁਰਖ ਦਾ ਘਰ ਹੈ, ਜਿਥੇ ਉਸ ਦੇ ਨਾਮ ਦਾ ਪਵਿਤਰ ਭੋਜਨ ਛੂਚਣ ਕਰ ਕੇ ਹਿਰਦੇ ਵਿਚ ਭਾਉ ਭਗਤੀ ਉਪਜਦੀ ਹੈ ਤੇ ਉਹ ਸਦਾ ਲਈ ਜੀਵਨ-ਅਧਾਰ ਬਣ ਜਾਂਦੀ ਹੈ।

ਸਾਚੀ ਸੰਗਤਿ ਥਾਨੁ ਸਚੁ ਸਚੇ ਘਰ ਬਾਰਾ ॥
ਸਚਾ ਭੋਜਨੁ ਭਾਉ ਸਚੁ ਸਚੁ ਨਾਮੁ ਅਧਾਰਾ ॥

[ਮਾਰੂ ਮ: ੧, ਪੰ: ੧੦੦੯

ਸਾਧ ਸੰਗਤ ਦੁਆਰਾ ਹੀ ਪ੍ਰਭੂ ਪਿਆਰ ਨਦਰ ਦੀ ਬਖਸ਼ਸ਼ ਹੁੰਦੀ ਹੈ।

ਸਚੇ ਸੰਦਾ ਸਦੜਾ ਸੁਣੀਐ ਗੁਰ ਵੀਚਾਰਿ ॥
ਸਚੇ ਸਚਾ ਬਹਣਾ ਨਦਰੀ ਨਦਰਿ ਪਿਆਰਿ॥੬॥

[ਮਾਰੂ ਮ: ੧, ਪੰ: ੧੦੧੫

ਸਾਧ ਸੰਗਤ ਬੈਕੁੰਠ ਧਾਮ ਹੈ—

ਕਹੁ ਕਬੀਰ ਇਹ ਕਹੀਐ ਕਾਹਿ ॥
ਸਾਧ ਸੰਗਤਿ ਬੈਕੁੰਠੈ ਆਹਿ ॥੪॥੧੦॥

[ਗਉੜੀ ਕਬੀਰ ਜੀ, ਪੰ: ੩੨੫

ਸਾਧ ਸੰਗਤ ਕਰਨ ਵਾਲਿਆਂ ਦੇ ਹਿਰਦੇ ਵਿਚੋਂ ਗੁਰ ਉਪਦੇਸ਼ ਦੁਆਰਾ ਸਾਰੇ ਹੀ ਡਰ ਭਾਉ, ਸਗੋਂ ਜਮਾਂ ਦਾ ਡਰ ਵੀ ਨਿਕਲ ਜਾਂਦਾ ਹੈ। ਉਹ ਸਦਾ ਹੀ ਨਿਰਭਉ ਵਿਚਰਦੇ ਹਨ। ਗੁਰਵਾਕ ਹੈ—

ਸਾਧ ਸੰਗਤਿ ਮਹਿ ਹਰਿ ਰਸੁ ਪਾਈਐ
ਗੁਰਿ ਮਿਲਿਐ ਜਮ ਭਉ ਭਾਗਾ ॥੫॥

[ਸੋਰਠਿ ਮ: ੧, ਪੰਨਾ ੫੯੮

ਸਾਧ ਸੰਗਤਿ ਅਠਸਠ ਤੀਰਥ ਪਰਸਨ ਤੁਲ ਹੈ—

ਸੰਤ ਜਨਾ ਮਿਲੁ ਸੰਗਤੀ ਗੁਰਮੁਖਿ ਤੀਰਥੁ ਹੋਇ ॥
ਅਠਸਠਿ ਤੀਰਥ ਮਜਨਾ
ਗੁਰ ਦਰਸ ਪਰਾਪਤਿ ਹੋਇ ॥੨॥੭॥

[ਸੋਰਠ ਮ: ੧, ਪੰਨਾ ੫੯੭

ਸਾਧ ਸੰਗਤ ਦੁਆਰਾ ਮਨ ਦੇ ਸੰਕਲਪ ਵਿਕਲਪ ਸਮਾਪਤ ਹੋ ਜਾਂਦੇ ਹਨ ਤੇ ਐਸੀ ਸੰਗਤ ਵਾਹਿਗੁਰੂ ਦੀ ਮਿਹਰ ਨਦਰ ਦੁਆਰਾ ਪ੍ਰਾਪਤ ਹੁੰਦੀ ਹੈ।

ਧਾਵਤੁ ਰਾਖੈ ਠਾਕਿ ਰਹਾਏ ॥
ਸਿਖ ਸੰਗਤਿ ਕਰਮਿ ਮਿਲਾਏ ॥੫॥

[ਆਸਾ ਮ: ੧, ਪੰ: ੪੧੨

ਸਾਧ ਸੰਗਤ ਮਨੁੱਖ ਨੂੰ ਉਤਮ ਬਣਾਣ ਦਾ ਵਸੀਲਾ ਹੈ, ਜੋ ਅਵਗੁਣਾਂ ਦੀ ਮੈਲ ਨੂੰ ਧੋ ਕੱਢਦੀ ਹੈ—

ਊਤਮੁ ਸੰਗਤਿ ਊਤਮੁ ਹੋਵੈ ॥
ਗੁਣ ਕਉ ਧਾਵੈ ਅਵਗਣ ਧੋਵੈ ॥੭॥

[ਆਸਾ ਮ: ੧, ਪੰਨਾ ੪੧੪

ਭਾਈ ਨੰਦ ਲਾਲ ਜੀ (ਕਲਗੀਧਰ ਜੀ ਦੀ ਮਿਹਰ ਨਦਰ ਦੇ ਪਾਤਰ) ਦੀ ਨਜ਼ਰ ਵਿਚ ਸਾਧ ਸੰਗਤ ਦਾ ਸਥਾਨ—

ਐ ਜ਼ਰੇ ਸੁਹਬਤ ਕਿ ਖ਼ਾਕ ਅਕਸੀਰ ਕਰਦ।
ਨਾ-ਕਸੇ ਰਾ ਸਾਹਿਬੇ ਤਦਬੀਰ ਕਰਦ।

[ਜ਼ਿੰਦਗੀ ਨਾਮਾ, ਸ਼ਿਅਰ ੨੬

ਪੰਜਾਬੀ ਉਲਥਾ—

ਧੰਨ ਸੰਗਤ ਕਰੇ ਪਾਰਸ ਕਢ ਕੇ ਖੋਟ।
ਮੂਰਖਾਂ ਨੂੰ ਕਰ ਦਏ ਅਕਲਾਂ ਦਾ ਕੋਟ।

ਸਾਧ ਸੰਗਤ ਵਿਚੋਂ ਹੀ ਸਿਮਰਨ ਪ੍ਰਾਪਤ ਹੁੰਦਾ ਹੈ ਤੇ ਸਿਮਰਨ ਹੀ ਜੀਵਨ ਹੈ।



www.AKJ.Org

'ਸ਼ੌਕਿ ਮੌਲਾ ਜ਼ਿੰਦਗੀਏ ਜਾ ਬਵਦ ।
ਯਾਦਿ ਊ ਸਰਮਾਇਐ ਈਮਾਂ ਬਵਦ ।
[ਜ਼ਿੰਦਗੀ ਨਾਮਾ, ਸ਼ਿਅਰ ੩੨੬

ਪੰਜਾਬੀ ਉਲਥਾ—
ਲਗਨ ਹਰਿ ਦੀ ਜ਼ਿੰਦਗੀ ਹੈ ਜਾਨ ਵੀ ।
ਯਾਦ ਪ੍ਰਭੂ ਪੂੰਜੀ ਸਮਝ ਈਮਾਨ ਦੀ ।

ਪਰ ਇਹ ਸਾਧ ਸੰਗਤ ਰੂਪੀ ਦੌਲਤ ਭਾਗਾਂ ਵਾਲਿਆਂ ਨੂੰ ਪ੍ਰਾਪਤ ਹੁੰਦੀ ਹੈ ।

ਹਰ ਕਸੇ ਰਾ ਕੈ ਨਸੀਬ ਈ ਦੌਲਤ ਅਸਤ ।
ਦੌਲਤੇ ਜਾਵੀਦ ਅੰਦਰ ਸੁਹਬਤ ਅਸਤ ।
[ਜ਼ਿ: ਨਾ: ਸ਼ਿ: ੧੯੫

ਉਲਥਾ-ਹਰ ਕਿਸੇ ਨੂੰ ਕਦੋਂ ਇਹ ਦੌਲਤ ਮਿਲੇ ।
ਇਹ ਅਮਰ ਦੌਲਤ ਹੈ ਸਤਸੰਗ ਅੰਦਰੇ ।
[ਚਰਨ ਸਿੰਘ

ਸਾਹਿਬ ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਫੁਰਮਾਇਆ ਹੈ, ਬਿਨਾਂ ਭਾਗਾਂ ਦੇ ਸਤਸੰਗ ਪ੍ਰਾਪਤ ਨਹੀਂ ਹੁੰਦਾ ।

ਬਿਨੁ ਭਾਗਾ ਸਤਸੰਗੁ ਨ ਲਭੈ
ਬਿਨੁ ਸੰਗਤਿ ਮੈਲੁ ਭਰੀਜੈ ਜੀਉ ॥੩॥੪।
[ਮਾਝ ਮ: ੪, ਪੰਨਾ ੯੫

ਇਸ ਉਪਰਲੇ ਮਹਾਂਵਾਕ "ਬਿਨੁ ਸੰਗਤਿ ਮੈਲੁ ਭਰੀਜੈ ਜੀਉ" ਅਨੁਸਾਰ ਜੇ ਕੋਈ ਭਾਗਹੀਣ ਕੁਸੰਗਤ ਵਿਚ ਪੈ ਕੇ ਸਤਸੰਗ ਕਰਨਾ ਛਡ ਦੇਵੇ ਤਾਂ ਉਸ ਦੀ ਦਸ਼ਾ ਉਸ ਵਿਦਿਆਰਥੀ ਵਰਗੀ ਹੋ ਜਾਂਦੀ ਹੈ ਜੋ ਸਕੂਲ ਜਾਣ ਤੋਂ ਗੈਰਹਾਜ਼ਰ ਰਹਿਣ ਲਗ ਪੈਂਦਾ ਹੈ । ਅੰਤ ਉਹ ਫ਼ੇਲ੍ਹ ਹੋ ਕੇ ਸਾਰੀ ਕੀਤੀ ਕਮਾਈ ਰੋੜ੍ਹ ਬਹਿੰਦਾ ਹੈ । ਗੁਰਬਾਣੀ ਵਿਚ ਐਸੇ ਸਤਸੰਗ ਤੋਂ ਵਿਰਵੇ ਜੀਵਨ ਨੂੰ ਉਲ੍ਹਾਮੇ ਭਰਿਆ ਦਰਸਾਇਆ ਹੈ । ਤੇ ਉਸ ਹੰਸ ਦੀ ਤੁਲਨਾ ਦਿਤੀ ਹੈ ਜੋ ਹੀਰੇ ਮੋਤੀ ਛਡ ਕੇ ਮੋਏ ਢੋਰਾਂ ਦੀ ਲਾਸ਼ਾਂ ਪਿਛੇ ਲਗਾ ਫਿਰੇ । ਗੁਰਵਾਕ—

"ਸਉ ਓਲਾਮੇ ਦਿਨੈ ਕੇ
ਰਾਤੀਂ ਮਿਲਨਿ ਸਹੰਸ ॥
ਸਿਫਤਿ ਸਲਾਹਣੁ ਛਡਿ ਕੈ ਕਰੰਗੀ ਲਗਾ ਹੰਸੁ ॥
੨॥(੧੬) [ਮ: ੧, ਵਾਰ ਸੂਹੀ, ਪੰ: ੭੯੦

ਗੁਰਬਾਣੀ ਵਿਚ ਅਨੇਕਾਂ ਥਾਵਾਂ ਤੇ ਮਨੁੱਖ ਨੂੰ ਸੰਬੋਧਨ ਕੀਤਾ ਗਿਆ ਹੈ ਕਿ ਗੁਰਮਤਿ ਰਹਿਣੀ ਰਹਿਤ ਵਾਲੇ ਮਹਾਂ ਪੁਰਖਾਂ ਦੀ ਸੰਗਤ ਕਰ ਕੇ ਗੁਰ ਉਪਦੇਸ਼ਾਂ ਨੂੰ ਰਿਦੇ ਵਸਾਏ ਤੇ ਪ੍ਰਭੂ ਦਾ ਸਿਮਰਨ ਭਜਨ ਕਰ ਕੇ ਇਸ ਮਨੁੱਖਾ ਜਨਮ ਨੂੰ ਸਫਲਾ ਕਰੇ ।

ਹਰਿ ਸਿਮਰਹੁ ਗੁਰਬਚਨ ਸਮਾਰਹੁ,
ਸੰਗਤਿ ਹਰਿ ਜਨ ਭਾਉ ਕਰੇ ॥
[ਮਾਰੂ ਮ: ੧, ਪੰਨਾ ੧੦੧੪

ਨਾਮ ਦੀ ਕਣੀ ਜਦ ਹਿਰਦੇ ਵਿਚ ਵਸ ਜਾਵਗੀ ਤਾਂ ਸੁਰਤ ਚੜ੍ਹਦੀ ਕਲਾ ਵਿਚ ਵਿਚਰਦੀ ਹੋਈ ਆਤਮਾ ਨੂੰ ਸ਼ਰਨ ਸਮਾਈ ਪ੍ਰਾਪਤੀ ਸਾਰਗ ਦਾ ਪਾਂਧੀ ਬਣਾ ਦਏਗੀ ਤੇ ਸਹਿਜੇ ਸਹਿਜੇ ਨਿਜ-ਘਰ ਪ੍ਰਾਪਤੀ ਦੀ ਮਨਜ਼ਲ ਨੂੰ ਪਾ ਲਵੇਗੀ ।

ਸਾਧ ਸੰਗਤਿ ਭੈ ਭਾਇ ਨਿਜ ਘਰਿ ਪਾਇਆ ॥
[ਭਾਈ ਗੁਰਦਾਸ ਜੀ, ਵਾਰ ੩-੨੦

ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਂਦੇ ਹਨ ਕਿ ਸਾਧ ਸੰਗਤ ਦੁਆਰਾ ਹੀ ਪ੍ਰਭੂ ਦੀ ਦਰਗਾਹ ਵਿਚ ਮਾਣ ਪ੍ਰਾਪਤ ਹੋਵੇਗਾ ਤੇ ਜਮ ਦਾ ਡਰ ਮੁਕ ਜਾਵੇਗਾ:

ਮਹਲੀ ਜਾਇ ਪਾਵਹਿ ਖਸਮੈ ਭਾਵਹੁ
ਰੰਗ ਸਿਉ ਰਲੀਆ ਮਾਣੈ ॥੨॥...
ਦਰ ਮਾਣੁ ਪਾਵਹਿ ਪਤਿ ਸਿਉ ਜਾਵਹਿ
ਆਗੈ ਦੂਖੁ ਨ ਲਾਗੈ ॥
ਕਰਿ ਏਕੁ ਧਿਆਵਹਿ ਤਾਂ ਫਲੁ ਪਾਵਹਿ
ਜਿਤੁ ਸੇਵਿਐ ਭਉ ਭਾਗੈ ॥੩॥
[ਵਡਹੰਸ ਮ: ੧, ਪੰਨਾ ੫੭੯-੮੦

ਭਾਈ ਗੁਰਦਾਸ ਜੀ ਵੀ ਸਾਧ ਸੰਗਤ ਕਰਨ ਦਾ ਫਲ ਇਨ੍ਹਾਂ ਕਬਿੱਤਾਂ ਵਿਚ ਵਰਨਨ ਕਰਦੇ ਹਨ :

ਸਾਧ ਸੰਗ ਮਿਲਤ ਸੰਸਾਰੀ ਨਿਰੰਕਾਰੀ ਹੋਤ,
ਗੁਰਮਤਿ ਪਰਉਪਕਾਰ ਕੈ ਨਿਵਾਸ ਹੈ ॥(੧੨੯)

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਸਾਚੋ
ਲੋਕ ਪ੍ਰਲੋਕ ਸੁਖਦਾਈ ਓਤਿ ਪੋਤਿ ਹੈ ॥(੧੮੭)

ਗੁਰਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਜੈਸੋ,
ਤੈਸੋ ਨ ਤ੍ਰਿਲੋਕ ਬਿਖੇ ਔਰ ਠੌਰ ਆਨੀਐ॥(੧੮੮)

ਸਬਦ ਸੁਰਤਿ ਲਿਵ ਲੀਨ ਸਾਧ ਸੰਗਿ ਮਿਲਿ
ਭਾਵਨੀ ਭਗਤ ਭਾਇ ਦੁਬਿਧਾ ਬਿਨਾਸ ਹੈ॥ (੧੮੯)



www.AKJ.Org

# ਗੁਰਮੁਖ ਪਿਆਰੇ ਬਾਊ ਮਲ ਸਿੰਘ ਜੀ ਦਾ ਅੰਤਮ ਸਮਾਗਮ

ਪਿਛਲੇ ਮਹੀਨੇ ਦੇ 'ਸੂਰਾ' ਮਾਸਕ ਪੱਤਰ ਵਿਚ ਦਸਿਆ ਜਾ ਚੁਕਾ ਹੈ ਕਿ ਕਿਵੇਂ ਮਾਨਯਵਰ ਬਾਊ ਮਲ ਸਿੰਘ ਜੀ ਚੜ੍ਹਦੀ ਕਲਾ ਵਿਚ ਰਹਿੰਦੇ ਹੋਇ ੨੩ ਜੁਲਾਈ ਨੂੰ ਦਿਨ ਦੇ ਸਾਢੇ ਯਾਰ੍ਹਾਂ ਵਜੇ ਸ੍ਰੀ ਅੰਮ੍ਰਿਤਸਰ ਹਸਪਤਾਲ ਦੇ ਸਪੈਸ਼ਲ ਵਾਰਡ ਵਿਚ, "ਘਲੇ ਆਵਹਿ ਨਾਨਕਾ ਸਦੇ ਉਠੀ ਜਾਹਿ" ਦੇ ਮਹਾਂਵਾਕ ਅਨੁਸਾਰ, ਸਹਿਜ-ਸਮਾਧ ਹੋ ਕੇ, ਸੁੰਨ ਸਮਾਧੀ ਵਿਚ ਪਰਵੇਸ਼ ਕਰਦਿਆਂ, ਗੁਰਪੁਰੀ ਨੂੰ ਉਡਾਰੀਆਂ ਮਾਰ ਗਏ।

ਆਪ ਜੀ ਦੀ ਦੇਹ ਸ੍ਰੀ ਤਰਨ ਤਾਰਨ ਸਾਹਿਬ ਲਿਜਾਈ ਗਈ। ਸ਼ਬਦ-ਕੀਰਤਨ ਦੀਆਂ ਗੂੰਜਾਂ ਵਿਚ ਸੰਗਤਾਂ ਦੇ ਭਾਰੀ ਜਲੂਸ ਨਾਲ ਸ੍ਰੀ ਦਰਬਾਰ ਸਾਹਿਬ ਤੋਂ ਸਿਰੋਪਾ ਦੀ ਬਖ਼ਸ਼ਸ਼ ਲੈ ਕੇ ਸ਼ਮਸ਼ਾਨ ਭੂਮੀ ਵਿਚ ਜਾ ਕੇ ਛੇ ਵਜੇ ਸਸਕਾਰ ਕਰ ਦਿਤਾ ਗਿਆ। ਉਪਰੰਤ ਘਰ ਪੁਜ ਕੇ ਉਸੇ ਵਕਤ ਸਹਿਜ ਪਾਠ ਦਾ ਅਰੰਭ ਕਰ ਦਿਤਾ ਗਿਆ। ਕਿਉਂਕਿ ਆਪ ਜੀ ਸਦਾ ਇਹੋ ਕਿਹਾ ਕਰਦੇ ਸਨ ਕਿ ਪ੍ਰਾਣੀ ਦੇ ਸਰੀਰ ਛਡਣ ਉਪਰੰਤ, ਉਸ ਦੇ ਨਮਿਤ ਛੇਤੀ ਤੋਂ ਛੇਤੀ ਪਾਠ ਅਰੰਭ ਕਰ ਦੇਣਾ ਚਾਹੀਦਾ ਹੈ, ਇਸ ਨਾਲ ਪ੍ਰਾਣੀ ਦੀ ਆਤਮਾ ਨੂੰ ਬਹੁਤ ਸਹਾਇਤਾ ਪੁਜਦੀ ਹੈ। ਆਪ ਦੇ ਨਮਿਤ ਪਾਠ ਦੇ ਅਰੰਭ ਦਾ ਹੁਕਮਨਾਮਾ ਬਹੁਤ ਹੀ ਵਧਾਈ-ਦਾਤਾ ਸੀ, ਜੋ ਪਿਛਲੇ ਪਰਚੇ ਤੇ ਉਨ੍ਹਾਂ ਦੇ ਨਮਿਤ ਭੋਗ ਸਮੇਂ ਵੰਡੇ ਗਏ ਟ੍ਰੈਕਟ ਵਿਚ ਦਿਤਾ ਜਾ ਚੁਕਾ ਹੈ।

ਸਸਕਾਰ ਤੋਂ ਚੌਥੇ ਦਿਨ ਬਾਅਦ, ਅੰਗੀਠਾ ਠੰਢਾ ਹੋ ਜਾਣ ਤੇ, ਅੰਗੀਠੇ ਦੀ ਰਾਖ ਤੇ ਅਸਥੀਆਂ ਆਦਿ ਦੀ ਸਾਰੀ ਸਮੱਗਰੀ ਇਕੱਠੀ ਕੀਤੀ ਗਈ ਤੇ "ਪਿੰਡੁ ਪਤਲਿ ਕਿਰਿਆ ਦੀਵਾ ਫੁਲ ਹਰਿ ਸਰਿ ਪਾਵਏ"* ਦੇ ਗੁਰ ਹੁਕਮ ਅਨੁਸਾਰ ਸ੍ਰੀ ਗੋਇੰਦਵਾਲ ਸਾਹਿਬ ਲਿਜਾ ਕੇ ਵਗਦੇ ਬਿਆਸਾ ਦਰਿਆ ਦੇ ਵਹਿਣ ਵਿਚ ਜਲ-ਪਰਵਾਹ ਕਰ ਦਿਤੀ ਗਈ। ਇਹ ਰਾਖ ਸਮੱਗਰੀ ਲਿਜਾਣ ਲਈ ਕੋਈ ਅਡੰਬਰ ਨਹੀਂ ਰਚਿਆ ਗਿਆ, ਸਗੋਂ ਸਧਾਰਨ ਤੌਰ ਤੇ ਹੀ ਭਾਈ ਸਾਹਿਬ ਰਾਮ ਸਿੰਘ ਜੀ ਪਰਵਾਰ ਦੇ ਦੋ ਮੈਂਬਰਾਂ ਸਮੇਤ ਕਾਰ ਵਿਚ ਰਖ ਕੇ ਲੈ ਗਏ ਸਨ।

ਆਪ ਜੀ ਦੇ ਪਿਆਰਿਆਂ, ਹਿਤੂਆਂ, ਮੇਲੀਆਂ ਤੇ ਗੁਰਮੁਖ ਸਖੀ ਸਹੇਲੀਆਂ ਦਾ ਦਾਇਰਾ ਬਹੁਤ ਵਡਾ ਸੀ, ਜਿਸ ਕਰਕੇ ਸਾਰਿਆਂ ਨੂੰ ਸੂਚਨਾ ਪੁਜ ਸਕਣ ਤੇ ਭੋਗ ਵਿਚ ਸ਼ਾਮਲ ਹੋ ਸਕਣ ਦੀ ਸੌਖ ਨੂੰ ਮੁਖ ਰਖ ਕੇ, ਭੋਗ ਦੇ ਅਖੰਡਪਾਠ ਦੀਆਂ ਤਰੀਕਾਂ ੩ ਤੋਂ ੫ ਅਗਸਤ ਦੀਆਂ ਰਖੀਆਂ ਗਈਆਂ। ਆਪ ਜੀ ਦੇ ਵਿਛੋੜੇ ਦੀ ਸੋਅ ਅਖ਼ਬਾਰਾਂ ਵਿਚ ਪੜ੍ਹ ਕੇ ਥਾਂ ਥਾਂ ਤੋਂ ਸਜਣਾਂ ਪਿਆਰਿਆਂ ਨੇ ਟੈਲੀਫੋਨ, ਚਿਠੀਆਂ ਤੇ ਤਾਰਾਂ ਭੇਜੀਆਂ। 'ਸੂਰਾ' ਮਾਸਕ ਪੱਤਰ ਰਾਹੀਂ ਅਤੇ ਉਚੇਚੀਆਂ ਚਿੱਠੀਆਂ ਰਾਹੀਂ ਸਿਖ ਸੰਗਤਾਂ ਨੂੰ ਅੰਤਮ ਭੋਗ ਦੇ ਪ੍ਰੋਗਰਾਮ ਦੀ ਸੂਚਨਾ ਦੇ ਦਿਤੀ ਗਈ।

੩ ਅਗਸਤ ਨੂੰ ਅੰਮ੍ਰਿਤ ਵੇਲੇ ਮਾਨਯਵਰ ਬਾਊ ਜੀ ਦੇ ਗ੍ਰਿਹ ਵਿਖੇ ਸ੍ਰੀ ਆਸਾ ਦੀ ਵਾਰ ਦੇ ਕੀਰਤਨ ਤੇ ਅਰਦਾਸ ਉਪਰੰਤ ਇਸ ਹੁਕਮਨਾਮੇ ਨਾਲ ਸ੍ਰੀ ਅਖੰਡਪਾਠ ਅਰੰਭ ਹੋਇਆ—

---

* "ਹਰਿ ਸਰਿ" ਦਾ ਭਾਵ ਕੋਈ ਤੇ ਕਿਸੇ ਥਾਂ ਵਗਦਾ ਜਲ ਹੈ। ਕੇਵਲ ਅਸਥੀਆਂ (ਫੁਲ) ਰੀਸੋ ਰੀਸੀ ਹਰਿ-ਦੁਆਰ ਜਾਂ ਕੀਰਤਪੁਰ ਲਿਜਾ ਕੇ ਜਲ-ਪਰਵਾਹ ਕਰਨਾ ਮਨਮਤਿ ਹੈ। ਇਸੇ ਆਸ਼ੇ ਨੂੰ ਨੂੰ ਮੁਖ ਰਖ ਕੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸਮੁਚੀ ਰਾਖ-ਅਸਥੀਆਂ ਸਮੱਗਰੀ ਲਾਗਲੀ ਨਹਿਰ ਵਿਚ ਹੀ ਜਲ-ਪਰਵਾਹ ਕੀਤੀ ਗਈ ਸੀ।



www.AKJ.Org

੧ ੴ ਸਤਿਗੁਰਪ੍ਰਸਾਦਿ ॥
ਸੂਹੀ ਮਹਲਾ ੪ ਘਰੁ ੫
ਗੁਰੁ ਸੰਤਜਨੋ ਪਿਆਰਾ ਮੈ ਮਿਲਿਆ
ਮੇਰੀ ਤ੍ਰਿਸਨਾ ਬੁਝਿ ਗਈਆਸੇ... ॥ ॥
ਗੁਰੁ ਸਜਣੁ ਪਿਆਰਾ ਮੈ ਮਿਲਿਆ
ਹਰਿ ਮਾਰਗੁ ਪੰਥੁ ਦਸਾਹਾ ॥
ਘਰਿ ਆਵਹੁ ਚਿਰੀ ਵਿਛੁੰਨਿਆ
ਮਿਲੁ ਸਬਦਿ ਗੁਰੂ ਪ੍ਰਭ ਨਾਹਾ ॥
ਹਉ ਤੁਝੁ ਬਾਝਹੁ ਖਰੀ ਉਡੀਣੀਆ
ਜਿਉ ਜਲ ਬਿਨੁ ਮੀਨ ਮਰਾਹਾ ॥

ਸ਼ਬਦ ਦੀ ਇਹ ਤੁਕ "ਹਉ ਤੁਝੁ ਬਾਝਹੁ ਖਰੀ ਉਡੀਣੀਆ" ਸ੍ਰੀ ਬਾਊ ਜੀ ਬੜੇ ਵੈਰਾਗ-ਤਰੰਗਾਂ ਵਿਚ ਪੜ੍ਹਦਿਆਂ ਬਿਹਬਲ ਹੋ ਜਾਇਆ ਕਰਦੇ ਸਨ।

... ... ... ... ... .. ॥੩॥
ਗੁਰੁ ਸੁੰਦਰੁ ਮੋਹਨੁ ਪਾਇ ਕਰੇ
ਹਰਿ ਪ੍ਰੇਮ ਬਾਣੀ ਮਨੁ ਮਾਰਿਆ ॥
ਮੇਰੈ ਹਿਰਦੈ ਸੁਧਿ ਬੁਧਿ ਵਿਸਰਿ ਗਈ
ਮਨ ਆਸਾ ਚਿੰਤਾ ਵਿਸਾਰਿਆ ॥
ਮੈ ਅੰਤਰਿ ਵੇਦਨ ਪ੍ਰੇਮ ਕੀ
ਗੁਰ ਦੇਖਤ ਮਨੁ ਸਾਧਾਰਿਆ ॥
ਵਡਭਾਗੀ ਪ੍ਰਭ ਆਇ ਮਿਲੁ
ਜਨੁ ਨਾਨਕੁ ਖਿਨੁ ਖਿਨੁ ਵਾਰਿਆ ॥
੪॥੧॥੫॥ (ਪੰਨਾ ੭੭੬)

ਪ੍ਰੇਮੀ ਜੀਊੜੇ ਅਰੰਭ ਤੋਂ ਆਉਣੇ ਸ਼ੁਰੂ ਹੋ ਗਏ ਸਨ। ਅਖੰਡ ਪਾਠ ਵਿਚ ਕਈਆਂ ਸਿੰਘਾਂ ਨੂੰ ਇਕ ਇਕ ਰੌਲ ਹੀ ਹਿੱਸੇ ਆਈ। ਚਾਰ ਅਗਸਤ ਸ਼ਾਮ ਤਕ ਸੰਗਤਾਂ ਦੀ ਚੰਗੀ ਗਹਿਮਾ ਗਹਿਮ ਹੋ ਗਈ। ਰਾਤ ਭਰ ਸੰਗਤਾਂ ਪੁਜਦੀਆਂ ਰਹੀਆਂ। ਪੰਜ ਤਰੀਕ ਸਵੇਰ ਤਕ ਦਿਲੀ ਤੋਂ ਸਾਲਮ ਬਸ, ਲੁਧਿਆਣਾ ਤੋਂ ਛੋਟੀ ਬਸ, ਅਤੇ ਪੰਜਾਬ ਦੇ ਵਖ ਵਖ ਸ਼ਹਿਰਾਂ ਨਗਰਾਂ ਤੋਂ ਇਲਾਵਾ ਕਾਨਪੁਰ, ਜੰਮੂ, ਚੰਡੀਗੜ੍ਹ, ਅੰਬਾਲਾ, ਜੈਪੁਰ ਆਦਿ ਦੂਰ ਦੁਰਾਡੇ ਸ਼ਹਿਰਾਂ ਤੋਂ ਵੀ ਸੰਗਤਾਂ ਪੁਜ ਗਈਆਂ ਸਨ।

ਭਾਵੇਂ ਸ੍ਰੀ ਅਖੰਡਪਾਠ ਅਸਥਾਨ ਦਾ ਸੋਹਣ ਤੇ ਵੇਹੜਾ ਕਾਫੀ ਖੁਲ੍ਹਾ ਸੀ, ਪਰ ਬਹੁਤੀਆਂ ਸੰਗਤਾਂ ਦੀ ਆਮਦ ਨੂੰ ਮਹਿਸੂਸ ਕਰ ਕੇ ਪਰਵਾਰ ਨੇ, ਵਿਹੜੇ ਦਾ ਪਿਛਲੇ ਪਾਸੇ ਲਗਦਾ ਪਲਾਟ ਕੰਧ ਤੋੜ ਕੇ ਨਾਲ ਰਲਾ ਲਿਆ ਸੀ। ਇਸ ਤਰ੍ਹਾਂ ਸ਼ਾਮਿਆਨੇ ਲਾ ਕੇ ਇਕ ਵਿਸ਼ਾਲ ਪੰਡਾਲ ਤਿਆਰ ਕਰ ਲਿਆ ਗਿਆ ਸੀ।

ਠੀਕ ਸਾਢੇ ਪੰਜ ਵਜੇ ਸ੍ਰੀ ਅਖੰਡ ਪਾਠ ਦੇ ਭੋਗ, ਮਾਨਯਵਰ ਬਾਊ ਜੀ ਦੇ ਪਿਆਰੇ ਹਮਜੋਲੀ ਸਜਣ ਮਾਸਟਰ ਕੁੰਦਨ ਸਿੰਘ ਜੀ ਨੇ ਬੜੇ ਵੈਰਾਗ-ਉਛਾਲਿਆਂ ਵਿਚ, ਬਲੰਦ ਅਵਾਜ਼ ਨਾਲ ਸਲੋਕ ਪੜ੍ਹ ਕੇ ਪਾਏ। ਅਰਦਾਸੇ ਤੇ ਹੁਕਮਨਾਮੇ ਉਪਰੰਤ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਨੇ ਬੜੇ ਵੈਰਾਗ ਮਈ ਮੰਡਲ ਵਿਚ ਸ੍ਰੀ ਆਸਾ ਦੀ ਵਾਰ ਦਾ ਕੀਰਤਨ ਅਰੰਭ ਕੀਤਾ। ਭਾਈ ਜੁਗਿੰਦਰ ਸਿੰਘ ਜੀ ਨੇ ਡਾਢੇ ਰੰਗਾਂ ਵਿਚ ਗੁਰਬਾਣੀ ਦੇ ਸ਼ਬਦ ਗਾਇਨ ਕੀਤੇ—

ਸਤਿਗੁਰ ਖੇਪ ਨਿਬਾਹੀ ਸੰਤਹੁ ॥
ਹਰਿ ਨਾਮੁ ਲਾਹਾ ਦਾਸ ਕਉ ਦੀਆ
ਸਗਲੀ ਤ੍ਰਿਸਨ ਉਲਾਹੀ ਸੰਤਹੁ ॥
[ਰਾਮਕਲੀ ਮ: ੫, ਪੰਨਾ ੯੧੯

ਗੁਰਮੁਖਿ ਆਪੇ ਬ੍ਰਖਸਿਓਨੁ ਹਰਿਨਾਮਿ ਸਮਾਣੇ ॥
ਆਪੇ ਭਗਤੀ ਲਾਇਓਨੁ ਗੁਰ ਸਬਦਿ ਨੀਸਾਣੇ ॥
ਸਨਮੁਖ ਸਦਾ ਸੋਹਣੇ ਸਚੈ ਦਰਿ ਜਾਣੇ ॥
ਐਥੈ ਓਥੈ ਮੁਕਤਿ ਹੈ ਜਿਨ ਰਾਮ ਪਛਾਣੇ ॥
ਧੰਨੁ ਧੰਨੁ ਸੇ ਜਨ ਜਿਨ ਹਰਿ ਸੇਵਿਆ
ਤਿਨ ਹਉ ਕੁਰਬਾਣੇ ॥੪॥ (੧੦੮੮)

ਉਪਰੰਤ ਡਾਕਟਰ ਦਰਸ਼ਨ ਸਿੰਘ ਜੀ ਲੁਧਿਆਣਾ ਯੂਨੀਵਰਸਿਟੀ ਅਤੇ ਭਾਈ ਹਰਦਿਆਲ ਸਿੰਘ ਜੀ ਲੁਧਿਆਣਾ ਵਾਲਿਆਂ ਨੇ ਰੰਗ-ਰਤੜੀ ਆਤਮਾ ਨੂੰ ਕੀਰਤਨ ਦੁਆਰਾ ਸ਼ਰਧਾਂਜਲੀਆਂ ਪੇਸ਼ ਕੀਤੀਆਂ।

ਸ੍ਰੀ ਬਾਊ ਜੀ ਦੇ ਨਿਵਾਜੇ ਹੋਏ ਭਾਈ ਜੀਵਨ ਸਿੰਘ ਜੀ ਹਜ਼ੂਰੀ ਰਾਗੀ ਨੇ, ਅਖੰਡ ਕੀਰਤਨੀ


www.AKJ.Org

ਜਥੇ ਨਾਲ ਮੇਲ ਕਰਾਉਣ ਵਾਲੀ ਗੁਰਮੁਖ ਆਤਮਾ ਨੂੰ ਸੰਬੋਧਨ ਕਰ ਕੇ, ਗੁਰਬਾਣੀ ਦੀਆਂ ਧੁਨੀਆਂ ਗੂੰਜਾਈਆਂ—

ਹਉ ਸਦਕੇ ਤਿਨ ਗੁਰਸਿਖਾਂ -
ਸਤਿਗੁਰ ਨੋ ਮਿਲਿ ਆਪੁ ਗਵਾਇ ॥੬॥

ਅਤੇ— ਬਲਿਹਾਰੀ ਤਿਨ੍ਹਾਂ ਗੁਰਸਿਖਾ
ਜਾਇ ਜਿਨਾ ਗੁਰ ਦਰਸਨੁ ਡਿਠਾ ॥੧॥
[ਭਾਈ ਗੁਰਦਾਸ ਜੀ, ਵਾਰ ੧੨

ਉਪਰੰਤ ਅਖੰਡ ਕੀਰਤਨੀ ਜਥੇ ਦੇ ਪੁਰਾਤਨ ਤੇ ਪਰਸਿਧ, ਭਾਈ ਸਾਹਿਬ ਜੀ ਦੇ ਮੇਲੀ ਕੀਰਤਨੀਏ ਭਾਈ ਮਿਹਰ ਸਿੰਘ ਜੀ ਦਿਲੀ ਵਾਲਿਆਂ ਨੇ ਕੀਰਤਨ ਅਖਾੜੇ ਵਿਚ ਅਜਬ ਰੰਗ ਬੰਨ੍ਹ ਦਿਤੇ। ਉਨ੍ਹਾਂ ਅਰੰਭ ਇਸ ਸ਼ਬਦ ਤੋਂ ਕੀਤਾ—

ਮੇਰੇ ਮਨ ਸਾਧ ਸਰਣਿ ਛੁਟਕਾਰਾ... ॥ (੬੧੧)

ਅਤੇ ਇਸ ਸ਼ਬਦ ਨਾਲ ਸਮਾਪਤੀ ਕੀਤੀ—

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥...
ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲ ਸੇ ॥..
(੪੮੮)

ਫਿਰ ਆਈ ਵਾਰੀ ਬੀਬੀ ਭੁਪਿੰਦਰ ਕੌਰ ਜੀ ਦੀ। ਬੀਬੀ ਜੀ ਨੇ ਡਾਢੇ ਉਮਾਹੇ ਤੇ ਉਤਸ਼ਾਹ ਵਿਚ ਰੰਗੀਜ ਕੇ ਗੁਰਬਾਣੀ ਦੀ ਵਰਖਾ ਨਾਲ ਕੀਰਤਨ-ਮੰਡਲ ਨੂੰ ਸਰਸ਼ਾਰ ਕਰ ਦਿਤਾ। ਫਿਰ ਬੀਬੀ ਦਲਜੀਤ ਕੌਰ ਜੀ ਅੰਮ੍ਰਿਤਸਰ ਨੇ ਪਿਆਰ-ਤਰੰਗਾਂ ਵਿਚ ਕੀਰਤਨ ਕੀਤਾ।

ਸਭ ਤੋਂ ਅਖੀਰ ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ. ਨੇ ਕੀਰਤਨ-ਅਖਾੜੇ ਵਿਚ ਗੂੰਜਾਂ ਪਾ ਦਿਤੀਆਂ ਕਿ—

ਧਰਮਰਾਇ ਹੈ ਹਰਿ ਕੀਆ ਹਰਿ ਜਨ ਸੇਵਕ
ਨੇੜਿ ਨ ਆਵੈ ॥
ਜੋ ਹਰਿ ਕਾ ਪਿਆਰਾ ਸੋ ਸਭਨਾ ਕਾ ਪਿਆਰਾ
ਹੋਰ ਕੇਤੀ ਝਖਿ ਝਖਿ ਆਵੈ ਜਾਵੈ ॥ (੫੫੫)

ਤੇ—ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥(੩੦੬)

ਅੰਤ ਵਿਚ ਸਹਿਜ ਪਾਠ ਦਾ ਭੋਗ, ਜੋ ਕਿ ਸ੍ਰੀ ਬਾਊ ਜੀ ਦੀ ਦੇਹ ਦਾ ਸਸਕਾਰ ਕਰਨ ਉਪਰੰਤ ਰੱਖ ਦਿਤਾ ਗਿਆ ਸੀ, ਉਸ ਦਾ ਭੋਗ ਪਾ ਕੇ ਦੀਵਾਨ ਦੀ ਸਮਾਪਤੀ ਕੀਤੀ ਗਈ। ਸਮਾਪਤੀ ਦੀ ਅਰਦਾਸ ਸ: ਦਰਸ਼ਨ ਸਿੰਘ ਜੀ ਦਿਲੀ ਵਾਲਿਆਂ ਨੇ ਬੜੇ ਕਰੁਣਾ-ਰਸ ਵਿਚ, ਹਿਰਦੇ ਦੀਆਂ ਡੂੰਘਾਈਆਂ ਚੋਂ, ਬਾਊ ਜੀ ਦੇ ਪਿਆਰ-ਉਪਕਾਰ ਦਰਸਾ ਕੇ ਵਲਵਲਿਆਂ ਵਿਚ ਕੀਤੀ।

ਇਸ ਸਮਾਗਮ ਵਿਚ ਜਿਥੇ ਅਖੰਡ ਕੀਰਤਨੀ ਜਥੇ ਦੇ ਪੁਰਾਤਨ ਤੇ ਬਾਊ ਜੀ ਦੇ ਪੰਚਮ (ਅੰਮ੍ਰਿਤ ਸਿੰਚਾਰ ਸਮਾਗਮ) ਦੇ ਮੇਲੀ ਗਿ: ਦਲੀਪ ਸਿੰਘ ਜੀ ਫੂਲਾਂਵਾਲ, ਸ: ਦਰਸ਼ਨ ਸਿਘ ਜੀ ਦਿਲੀ, ਭਾਈ ਆਤਮਾ ਸਿੰਘ ਜੀ ਪੰਜੋਖਰਾ ਸਾਹਿਬ; ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ, ਭਾਈ ਹਰਚਰਨ ਸਿਘ ਜੀ ਅੰਬਾਲਾ, ਭਾਈ ਮੋਹਨ ਸਿੰਘ ਜੀ ਗਾਰਡ ਕਾਨਪੁਰ, ਪੂਰਨ ਜੀ, ਭਾਈ ਚਰਨ ਸਿਘ ਜੀ ਮੌਣ ਦੁਆਬ ਅਤੇ ਹੋਰ ਅਨੇਕਾਂ ਗੁਰੂ ਕੇ ਲਾਲ ਪੁਜੇ ਹੋਏ ਸਨ ਉਥੇ ਨਾਲ ਹੀ ਪੰਥ ਦੇ ਮੁਖੀ ਆਗੂ ਸ਼੍ਰੋਮਣੀ ਕਮੇਟੀ ਦੇ ਪਰਧਾਨ ਸ: ਗੁਰਚਰਨ ਸਿੰਘ ਜੀ ਟੌਹੜਾ, ਸ: ਪ੍ਰੇਮ ਸਿੰਘ ਜੀ ਲਾਲਪੁਰਾ, ਜਥੇਦਾਰ ਉਜਾਗਰ ਸਿੰਘ ਜੀ ਸੇਖਵਾਂ, ਗਿ: ਭਰਪੂਰ ਸਿੰਘ ਜੀ ਸਕੱਤਰ, ਸਿੰਘ ਸਾਹਿਬ ਕਿਰਪਾਲ ਸਿੰਘ ਜੀ ਹੈੱਡ ਗ੍ਰੰਥੀ, ਸਿੰਘ ਸਾਹਿਬ ਗਿਆਨੀ ਸੋਹਣ ਸਿੰਘ ਜੀ, ਸ: ਉਮਰਾਉ ਸਿੰਘ ਜੀ ਪੱਟੀ, ਗਿ: ਗੁਰਦਿਤ ਸਿੰਘ ਜੀ ਕੇਂਦਰੀ ਸ੍ਰੀ ਗੁਰੂ ਸਿੰਘ ਸਭਾ, ਆਦਿ ਪੁਜੇ ਹੋਏ ਸਨ।

ਇਸ ਸਮੇਂ ਕਈ ਸੰਸਥਾਵਾਂ ਵਲੋਂ ਸਿਰਪਾਉ ਪੁਜੇ ਹੋਏ ਸਨ, ਜਿਹਾ ਕਿ ਸ਼੍ਰੋਮਣੀ ਗੁ: ਪ੍ਰ: ਕਮੇਟੀ, ਦਰਬਾਰ ਸਾਹਿਬ ਸ੍ਰੀ ਤਰਨ ਤਾਰਨ, ਗੁਰਦੁਆਰਾ ਡੇਰਾ ਬਾਬਾ ਦਰਬਾਰਾ ਸਿੰਘ ਲੋਪੋਂ (ਫਰੀਦਕੋਟ) ਅਤੇ ਗੁਰਦੁਆਰਾ ਕਮੇਟੀ ਸ੍ਰੀ ਗੋਇੰਦਵਾਲ ਸਾਹਿਬ ਜੀ।

ਅਖੀਰ ਵਿਚ ਜਥੇਦਾਰ ਰਾਮ ਸਿੰਘ ਜੀ ਨੇ ਆਇ ਸਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸ੍ਰੀ ਬਾਊ ਮਲ ਸਿੰਘ ਜੀ ਨੂੰ ਸਰਧਾਂਜਲੀਆਂ ਤਾਂ ਕੀਰਤਨ ਦੁਆਰਾ ਬੇਅੰਤ ਪੇਸ਼ ਕੀਤੀਆਂ ਗਈਆਂ


www.AKJ.Org

ਹਨ, ਹੁਣ ਇਸ ਤੋਂ ਬਾਅਦ ਹੋਰ ਕੁਝ ਕਹਿਣਾ ਨਹੀਂ ਬਣਦਾ । ਅਸੀਂ ਬੇਨਤੀ ਕਰਦੇ ਹਾਂ ਕਿ ਪੰਥ ਦੇ ਮੁਖੀ ਸਜਣ ਇਸੇ ਤਰ੍ਹਾਂ ਜਥੇ ਦੇ ਕੀਰਤਨ-ਸਮਾਗਮਾਂ ਵਿਚ ਹਾਜ਼ਰੀਆਂ ਭਰ ਕੇ ਆਪਣਾ ਜਨਮ ਸਫਲ ਕਰਨ ਅਤੇ ਸੇਵਕਾਂ ਦੇ ਹੌਸਲੇ ਵਧਾਉਂਦੇ ਰਹਿਣ ।

ਗੁਰੂ ਕਾ ਅਤੁਟ ਲੰਗਰ ਵਰਤਿਆ ਤੇ ਸਭ ਸੰਗਤਾਂ ਨੇ ਪਰਸ਼ਾਦ ਛਕ ਕੇ ਚਾਲੇ ਪਾਏ ।

## ਸੰਗਤਾਂ ਵਲੋਂ ਵਿਜੋਗ-ਪਤਰ

ਮਾਨਯੋਗ ਬਾਊ ਮਲ ਸਿੰਘ ਜੀ ਦੇ ਅਕਾਲ ਚਲਾਣੇ ਦੀ ਸੋਇ ਸੁਣ ਕੇ ਦੇਸ ਪਰਦੇਸਾਂ ਵਿਚ ਅਖੰਡ ਕੀਰਤਨੀ ਜਥੇ ਦੇ ਗੁਰਸਿਖ-ਪਰਵਾਰਾਂ ਵਿਚ, ਉਨ੍ਹਾਂ ਦੇ ਵਿਛੋੜੇ ਨੂੰ ਮਹਿਸੂਸ ਕੀਤਾ ਜਾ ਰਿਹਾ ਹੈ । ਸ੍ਰੀ ਬਾਊ ਜੀ ਪ੍ਰਥਾਇ ਥਾਂ-ਪਰ-ਥਾਂ ਕੀਰਤਨ ਤੇ ਅਖੰਡ ਪਾਠ ਸਮਾਗਮ ਕੀਤੇ ਜਾ ਰਹੇ ਹਨ ਅਤੇ ਅਨੇਕਾਂ ਥਾਵਾਂ ਤੋਂ ਉਨ੍ਹਾਂ ਦੇ ਵਿਛੋੜੇ ਵਿਚ ਲੁਛਦੇ ਵੀਰਾਂ ਭੈਣਾਂ ਵਲੋਂ ਜਥੇਦਾਰ ਸਾਹਿਬ ਅਖੰਡ ਕੀਰਤਨੀ ਜਥਾ ਵਲ ਅਤੇ 'ਸੂਰਾ' ਮਾਸਕ ਪੱਤਰ ਵਲ ਬੈਰਾਗ-ਪੱਤਰ ਪੁਜ ਰਹੇ ਹਨ । ਮਾਨਯਵਰ ਬਾਊ ਮਲ ਸਿੰਘਜੀ ਹਰੇਕ ਗੁਰਸਿਖ ਵਿਚ ਇਉਂ ਰਚੇ ਮਿਚੇ ਹੋਏ ਸਨ ਕਿ ਹਰੇਕ ਪਰਵਾਰ ਇਉਂ ਹੀ ਮਹਿਸੂਸ ਕਰਦਾ ਸੀ ਕਿ ਉਹ ਜਿਨਾ ਪਿਆਰ ਉਨ੍ਹਾਂ ਨੂੰ ਕਰਦੇ ਸਨ, ਹੋਰ ਕਿਸੇ ਨੂੰ ਨਹੀਂ । ਇਥੋਂ ਤਕ ਕਿ ਪਰਵਾਰਾਂ ਦੇ ਛੋਟੇ ਛੋਟੇ ਬੱਚੇ ਵੀ ਉਨ੍ਹਾ ਦੇ ਪਿਆਰ ਨੂੰ ਤਰਸਦੇ ਸਨ । ਕਈ ਬੀਬੀਆਂ ਦੇ ਤਾਂ ਪਿਆਰ-ਬਿਹਬਲਤਾ ਵਿਚ ਕਈ ਕਈ ਦਿਨ ਅਖਾਂ ਵਿਚੋਂ ਜਲ ਚਲਦਾ ਰਿਹਾ । ਸਤਿਗੁਰੂ ਸਭ ਪਰਵਾਰਾਂ ਨੂੰ ਚੜ੍ਹਦੀਆਂ ਕਲਾਂ ਬਖਸ਼ਣ ਅਤੇ ਗੁਰਸਿੱਖੀ ਪਿਆਰ ਵਿਚ ਵਾਧਾ ਪਰਦਾਨ ਕਰਦੇ ਰਹਿਣ ।

---

# ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਨਵਾਂ ਪ੍ਰਤੀਨਿਧ

ਯੂ. ਕੇ. ਦੇ ਪ੍ਰਤੀਨਿਧ ਭਾਈ ਜੋਗਿੰਦਰ ਸਿੰਘ ਹੋਰਾਂ ਦੀ ਥਾਂ ਭਾਈ ਰਾਜਿੰਦਰ ਸਿੰਘ ਜੀ 50-Hellier St. Dudley DY2-8RF ਇਸ ਸੇਵਾ ਤੇ ਯੂ. ਕੇ. ਦੀ ਸੰਗਤ ਵਲੋਂ ਨੀਯਤ ਕੀਤੇ ਗਏ ਹਨ ।

ਖਾਲਸਾ ਜੀ ਦਾ ਦਾਸਰਾ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ) ਅੰਮ੍ਰਿਤਸਰ

# ਸ਼ਬਦਾਂ ਦੀ ਕਾਪੀ ਬਾਰੇ ਬੇਨਤੀ

ਭਾਈ ਬਲਵੰਤ ਸਿੰਘ ਖਾਲਸਾ 2/39-ਬੀ ਕਾਂਸੀ ਨਗਰੀ ਫਿਰੋਜ਼ਪੁਰ ਸ਼ਹਿਰ ਬਿਨੈ ਕਰਦੇ ਹਨ ਕਿ ੧੨ ਤੋਂ ੧੫ ਜੁਲਾਈ ਦੇ ਸਮਾਗਮ ਵਿਚ ਇਕ ਕੀਰਤਨੀ ਸਿੰਘ ਦੀ ਪੁਸਤਕ ਵਰਗੀ ਕਾਪੀ ਲਾਖੀ ਰੰਗ ਦੀ ਜਿਲਦ ਵਾਲੀ ਭੁਲੇਖੇ ਨਾਲ ਕਿਸੇ ਸਿੰਘ ਪਾਸ ਚਲੀ ਗਈ ਹੈ । ਉਹ ਸਜਣ ਜੀ ਉਪਰਲੇ ਪਤੇ ਤੇ ਪਹੁੰਚਾਣ ਦੀ ਖੇਚਲ ਕਰਨ ਜੀ ।

# ਮਾਨਯਵਰ ਬਾਊ ਮਲ ਸਿੰਘ ਜੀ ਦੇ ਪਰਵਾਰ ਵਲੋਂ ਮਾਇਆ ਅਰਦਾਸ

'ਸੂਰਾ' ਮਾਸਕ ਪੱਤਰ ਅੰਮ੍ਰਿਤਸਰ ਨੂੰ ਇਕ ਸੌ ਰੁਪਏ ।

ਪਿੰਗਲਵਾੜਾ ਅੰਮ੍ਰਿਤਸਰ ਦੇ ਮਰੀਜ਼ਾਂ ਦੀ ਸੇਵਾ ਲਈ ਇਕ ਹਜ਼ਾਰ ਰੁਪਏ ਦਿਤੇ ਗਏ ।

ਸਤਿਗੁਰੂ ਪਰਵਾਰ ਨੂੰ ਚੜ੍ਹਦੀ ਕਲਾ ਤੇ ਗੁਰਸਿਖੀ ਜੀਵਨ ਬਖ਼ਸ਼ਣ ।


www.AKJ.Org

# ਅਮਰੀਕਾ ਵਿਚ ਸਿੱਖੀ ਦੀ ਲਹਿਰ

[ ਵਲੋਂ :—ਸ: ਸ਼ਮਸ਼ੇਰ ਸਿੰਘ ਜੀ 'ਅਸ਼ੋਕ' ]

ਮੈਨੂੰ ਇਹ ਗੱਲ ਬੜੇ ਅਫ਼ਸੋਸ ਨਾਲ ਕਹਿਣੀ ਪੈਂਦੀ ਹੈ ਕਿ ਸਿੱਖ ਧਰਮ ਦੇ ਵਿਸ਼ਵ-ਵਿਆਪੀ ਪ੍ਰਚਾਰ ਕਰਨ ਲਈ ਜਦ ਕਦੇ ਵੀ ਕੋਈ ਚੰਗਾ ਪ੍ਰਯਤਨ ਹੁੰਦਾ ਰਿਹਾ ਹੈ ਤਾਂ ਉਸ ਵਿਚ ਕੁਝ ਘੜੰਮ-ਚੌਧਰੀ ਮੱਲੋਜ਼ੋਰੀ ਰੋਕਾਂ ਪਾਉਣ ਦਾ ਜਤਨ ਜ਼ਰੂਰ ਕਰਦੇ ਰਹੇ ਹਨ। ਸਿੱਖ ਪੰਥ ਵਿਚੋਂ ਮੁਢ ਤੋਂ ਲੈ ਕੇ ਹੁਣ ਤਕ ਇਸ ਕਿਸਮ ਦੇ ਕਈ ਉਦਾਹਰਣ ਮਿਲ ਸਕਦੇ ਹਨ, ਜੋ ਖ਼ਾਸ ਤੌਰ ਤੇ ਅੱਛੀ ਖ਼ਾਸੀ ਤਾਰੀਖ਼ੀ ਅਹਿਮੀਅਤ ਰਖਦੇ ਹਨ। ਪ੍ਰਮਾਣ ਵਜੋਂ ਦੇਖੋ ਸਿੰਘ ਸਭਾ ਲਹਿਰ ਦੇ ਸਮੇਂ ਅਗਾਂਹ-ਵਧੂ ਪ੍ਰਚਾਰਕਾਂ ਵਿਚੋਂ ਭਾਈ ਗੁਰਮੁਖ ਸਿੰਘ ਜੀ (ਪ੍ਰੋਫ਼ੈਸਰ) ਤੇ ਗਿਆਨੀ ਦਿੱਤ ਸਿੰਘ ਜੀ ਸੰਪਾਦਕ 'ਖ਼ਾਲਸਾ ਅਖ਼ਬਾਰ' ਲਾਹੌਰ ਨੂੰ ਨਾ ਕੇਵਲ ਬੁਰੀ ਤਰ੍ਹਾਂ ਤ੍ਰਿਸਕਾਰਿਆ ਹੀ ਗਿਆ, ਸਗੋਂ ਕਈ ਤਰ੍ਹਾਂ ਦੇ ਡਰਾਵੇ ਦੇ ਕੇ ਡੇਕਣ ਦਾ ਯਤਨ ਵੀ ਕੀਤਾ ਗਿਆ। ਉਸ ਸਮੇਂ ਦੀਆਂ ਇਹ ਅਕਸਮਾਤ ਵਾਪਰੀਆਂ ਘਟਨਾਵਾਂ ਕਿਸੇ ਹੱਦ ਤਕ ਤਤਕਾਲੀਨ ਮੌਕੇ ਦੀਆਂ ਲੋੜਾਂ ਦੱਸਣ ਦੇ ਬਾਵਜੂਦ ਵੀ ਏਨਾ ਚਿਰ-ਸਥਾਈ-ਪ੍ਰਭਾਵ ਨਾ ਰੱਖ ਸਕੀਆਂ, ਜਿਸ ਕਾਰਨ ਇਹ ਆਪਣੇ ਸਮੇਂ ਦੇ ਵਿਚਾਰਕ ਪਰਿਵਰਤਨਾਂ ਦੀਆਂ ਸਾਧਾਰਣ ਪ੍ਰਤੀਕ ਬਣ ਕੇ ਹੀ ਰਹਿ ਗਈਆਂ।

ਸਿੰਘ ਸਭਾ ਲਹਿਰ ਦੇ ਸੁਧਾਰਕ ਕੰਮਾਂ ਵਿਚੋਂ ਸਿੱਖ ਮਰਦਾਂ ਤੇ ਇਸਤ੍ਰੀਆਂ ਲਈ ਇਕੋ ਜਿਹਾ ਸਾਦਾ ਗੁਰਮੁਖੀ ਪਹਿਰਾਵਾ, ਇਕ ਸਮਾਨ ਖੰਡੇ ਦਾ ਅੰਮ੍ਰਿਤ, ਪੰਜ ਕਕਾਰ ਦੀ ਧਾਰਨਾ, ਸਾਬਤ ਸੂਰਤ ਤੇ ਸਿਰਾਂ ਉਤੇ ਦਸਤਾਰ, ਗਹਿਣੇ ਗੱਟਿਆਂ ਤੋਂ ਕਤਈ ਪ੍ਰਹੇਜ਼, ਜਨਮ ਤੋਂ ਲੈ ਕੇ ਮਰਨ ਪ੍ਰਯੰਤ ਸਾਰੇ ਸੰਸਕਾਰ ਗੁਰਮਤਿ ਦੇ ਅਨੁਸਾਰ ਕਰਨ ਦੀ ਮਰਯਾਦਾ ਆਦਿ ਅਜਿਹੀਆਂ ਖ਼ੂਬੀਆਂ ਸਨ, ਜੋ ਸਾਰੇ ਹੀ ਸਿੱਖ ਪਰਿਵਾਰਾਂ ਵਿਚ, ਜਿਵੇਂ ਕਿ ਉਹ ਆਦਿ ਕਾਲ ਤੋਂ ਕਰਦੇ ਆਏ ਸਨ, ਬਾਕਾਇਦਾ ਪ੍ਰਚਲਿਤ ਰੱਖਣ ਤੇ ਜ਼ੋਰ ਤੇ ਸਕੂਲਾਂ-ਕਾਲਜਾਂ ਵਿਚ ਸਿੱਖ ਲੜਕੀਆਂ ਪੰਜ ਕਕਾਰ ਦੀ ਧਾਰਨਾ ਸਹਿਤ ਸਿਰਾਂ ਉਤੇ ਦਸਤਾਰ ਸਜਾਉਂਦੀਆਂ ਰਹੀਆਂ, ਜਿਸ ਕਾਰਨ ਸਿੰਘ ਸਭਾ ਲਹਿਰ ਦੇ ਸਮੇਂ ਤੋਂ ਅਕਾਲੀ ਲਹਿਰ ਦੇ ਸਮੇਂ ਤਕ (੧੯੨੦-੧੯੨੬ ਵਿਚ) ਇਹੋ ਵਰਤਾਉ ਬਾਕਾਇਦਾ ਚਲਦਾ ਰਿਹਾ, ਪਰ ਪਿੱਛੋਂ ਸਮੇਂ ਦਾ ਫੇਰ ਬਦਲਣ ਤੇ ਅਚਾਨਕ ਸਿੱਖ ਬੀਬੀਆਂ ਦੇ ਸਿਰੋਂ ਦਸਤਾਰਾਂ ਲਹਿਣੀਆਂ ਸ਼ੁਰੂ ਹੋਈਆਂ ਤੇ ਉਨ੍ਹਾਂ ਦੀ ਥਾਵੇਂ ਗਿੱਚੀਆਂ ਪਿੱਛੇ ਜਾਨਕੀ ਜੂੜੇ ਰਖਵਾ ਕੇ ਨਾ ਕੇਵਲ ਆਮ ਗੁਰਦੁਆਰਿਆਂ ਵਿਚੋਂ ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਭੀ ਅੰਮ੍ਰਿਤ ਛਕਾਉਣ ਦਾ ਵਿਲਗ ਰਿਵਾਜ ਚੱਲ ਪਿਆ, ਜੋ ਕੁਝ ਕੱਚੇ-ਪਿੱਲੇ ਸਿਖੀ ਆਗੂਆਂ ਦੀ ਪਿਛਾਂਹ-ਖਿੱਚੂ ਨੀਤੀ ਦਾ ਪ੍ਰਤੀ ਫਲ ਸੀ।

ਤਾਰੀਖ਼ੀ ਗੁਰਦੁਆਰਿਆਂ ਵਿਚ ਰਹਿਤ ਤੋਂ ਹੀਣਾ ਇਹ ਵਰਤਾਉ ਨਾ ਕੇਵਲ ਸਿੱਖ ਅਵਾਮ ਤੀਕ ਸੀਮਿਤ ਰਿਹਾ, ਸਗੋਂ ਪੰਜੇ ਤਖ਼ਤਾਂ ਦੀ ਸਿੱਖ ਰਹਿਤ ਮਰਯਾਦਾ ਵੀ ਇਕ-ਦਮ ਬਦਲ ਦਿੱਤੀ ਗਈ। ਇਸ ਤੋਂ ਬਾਅਦ ਕੁਝ ਅਗਾਂਹ-ਵਧੂ ਸੁਧਾਰਕ ਸਿਖਾਂ ਵਲੋਂ ਇਹ ਸਵਾਲ ਪੰਥ ਵਿਚ ਛਿੜਿਆ ਕਿ ਪਿਛਲੀ ਗੁਰਮੁਖੀ ਰਹਿਤ ਮਰਯਾਦਾ ਸਿੱਖਾਂ ਵਿਚ ਕਿਵੇਂ ਮੁੜ ਨਵੇਂ ਸਿਰਿਓਂ ਪ੍ਰਚਲਿਤ ਹੋਵੇ, ਇਸ ਮੁਸ਼ਕਿਲ ਸਵਾਲ ਦਾ ਸਹੀ ਹੱਲ ਕਿਸੇ ਆਗੂ ਨੂੰ ਵੀ ਨਾ ਸੁੱਝਿਆ। ਨਤੀਜਾ ਇਸ ਆਪਾ-ਧਾਪੀ ਦਾ ਇਹ ਹੋਇਆ ਕਿ ਬਹੁਤ ਸਾਰੇ



www.AKJ.Org

ਸਿੱਖ ਤੇ ਉਨ੍ਹਾਂ ਦੇ ਬੱਚੇ, ਜੋ ਕਿਸੇ ਹੀਲੇ ਵਿਲਾਇਤ ਜਾਂਦੇ ਰਹੇ, ਸਿੱਖ ਧਰਮ ਤੋਂ ਹਮੇਸ਼ਾ ਪਤਿਤ ਹੁੰਦੇ ਰਹੇ। ਏਥੋਂ ਤਕ ਕਿ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਦੇ ਪ੍ਰਸਿੱਧ ਪ੍ਰਚਾਰਕ ਪ੍ਰਿੰਸੀਪਲ ਗੰਗਾ ਸਿੰਘ ਜੀ ਵੀ ਜਦ ਵਿਲਾਇਤ ਗਏ ਤਾਂ ਸਿੱਖ ਧਰਮ ਤੋਂ ਪਤਿਤ ਹੋਏ ਹੀ ਨਜ਼ਰ ਆਏ।

ਦੇਸਾਂ ਪਰਦੇਸਾਂ ਅੰਦਰ ਸਿਖ ਪੰਥ ਵਿਚ ਪਤਿਤਤਾਈ ਦੀ ਲਹਿਰ ਵਧਦੀ ਜਾ ਰਹੀ ਸੀ ਕਿ ਗੁਰੂ ਕੇ ਭਾਣੇ ਅੰਦਰ ਇਕ ਅਨੋਖਾ ਪਰੀਵਰਤਨ ਹੋਇਆ ਅਤੇ ੧੯੬੯ ਵਿਚ ਸ: ਹਰਭਜਨ ਸਿੰਘ ਜੀ ਯੋਗੀ ਭਾਰਤ ਦੇ ਕਸਟਮ ਮਹਿਕਮੇ ਦੀ ਨੌਕਰੀ ਛਡ ਕੇ ਆਪਣੀ ਉਪਜੀਵਕਾ ਲਈ ਅਮਰੀਕਾ ਗਿਆ। ਅਮਰੀਕਾ ਵਿਚ ਸ: ਹਰਭਜਨ ਸਿੰਘ ਜੀ ਨੇ ਆਪਣੇ ਰੋਜ਼ਗਾਰ ਦਾ ਜ਼ਰੀਆ ਤਾਂ ਯੋਗ-ਦਰਸ਼ਨ ਬਾਰੇ ਲੈਕਚਰ ਦੇਣਾ ਬਣਾਇਆ, ਪਰ ਇਸ ਦੇ ਨਾਲ ਹੀ ਕੁਝ ਅਗਾਂਹ-ਵਧੂ ਅਮਰੀਕਨਾਂ ਨਾਲ ਤਾਲ-ਮੇਲ ਕਰ ਕੇ ਉਨ੍ਹਾਂ ਨੂੰ ਸਿੱਖ ਧਰਮ ਦਾ ਆਦਰਸ਼ਕ ਸੰਦੇਸ਼ ਦਿੱਤਾ, ਜਿਸ ਕਰਕੇ ਬਹੁਤ ਸਾਰੇ ਅਮਰੀਕਨ ਮਰਦ-ਜ਼ਨਾਨੀਆਂ ਯੋਗੀ ਹੋਰਾਂ ਦੇ ਅਨੋਖੇ ਗੁਰਮਤਿ ਪ੍ਰਚਾਰ ਦੇ ਪ੍ਰਭਾਵ ਹੇਠ ਆ ਕੇ ਯੋਗਿਕ ਸਿਖਿਆ-ਦੀਖਿਆ ਦੇ ਨਾਲ ਹੀ ਅੰਮ੍ਰਿਤ-ਧਾਰੀ ਸਿੱਖ ਬਣਨੇ ਸ਼ੁਰੂ ਹੋ ਗਏ ਤੇ ਇਸ ਪ੍ਰਚਾਰ ਦੇ ਨਤੀਜੇ ਵਜੋਂ ਉਨ੍ਹਾਂ ਦੇ ਸਿਰਾਂ ਉਤੇ ਕੇਸ, ਮੂੰਹਾਂ ਉਤੇ ਦਾਹੜੀ-ਮੁੱਛਾਂ ਅਤੇ ਸਰੀਰਾਂ ਉਤੇ ਸਿੱਧੇ ਸਾਦੇ ਸਫ਼ੈਦ ਤੇ ਸਾਫ਼ ਸੁਥਰੇ ਗੁਰਮੁਖੀ ਪੁਸ਼ਾਕਿਆਂ ਦੇ ਨਾਲ ਹੀ ਪੰਜ ਕਕਾਰ ਦੀ ਧਾਰਨਾ ਸੋਭਾ ਦੇਣ ਲੱਗੀ। ਯੋਰਪੀਨ ਸਿੱਖਾਂ ਦੇ ਨਾਲ ਹੀ ਅਮਰੀਕਨ ਸਿੱਖ ਬੀਬੀਆਂ ਵੀ, ਸਿਰਾਂ ਉਤੇ ਦਸਤਾਰਾਂ ਸਜਾ ਕੇ ਦਰਸ਼ਨੀ ਸਿੰਘਣੀਆਂ ਬਣ ਗਈਆਂ। ਏਥੇ ਹੀ ਬਸ ਨਹੀਂ, ਯੋਗੀ ਹਰਭਜਨ ਸਿੰਘ ਜੀ ਨੇ ਗੁਰਮਤਿ ਦੇ ਇਸ ਪ੍ਰਚਾਰ ਨੂੰ ਹੋਰ ਪਕੇਰਾ ਕਰਨ ਲਈ ਅਮਰੀਕਾ, ਇੰਗਲੈਂਡ ਤੇ ਕਨੇਡਾ ਵਿਚ ਥਾਂ ਪਰ ਥਾਂ ਗੁਰੂ ਰਾਮਦਾਸ ਆਸ਼ਰਮ ਕਾਇਮ ਕਰ ਕੇ ਪ੍ਰਚਾਰ ਦੀ ਇਸ ਮੁਹਿੰਮ ਨੂੰ ਹੋਰ ਵੀ ਪਕੇਰਾ ਰੂਪ ਦੇ ਦਿੱਤਾ। ਇਸ ਤਰ੍ਹਾਂ ਹਜ਼ਾਰਹਾਂ ਦੀ ਗਿਣਤੀ ਵਿਚ ਅਮਰੀਕਨ ਸਿੱਖ ਖੰਡੇ ਦਾ ਅੰਮ੍ਰਿਤ ਛਕ ਕੇ ਗੁਰੂ ਪੰਥ ਦੇ ਝੰਡੇ ਹੇਠ ਆ ਚੁਕ ਹਨ।

ਸਿਖਾਂ ਦੀ ਉਸ ਪਤਿਤ ਹੋਣ ਦੀ ਲਹਿਰ ਦੇ ਸਾਹਮਣੇ ਇਕ ਜ਼ਬਰਦਸਤ ਰੋਕ ਲਗ ਗਈ, ਜੋ ਅੱਜ ਤੋਂ ਲਗ ਪਗ ੭੦-੮੦ ਸਾਲ ਪਹਿਲਾਂ ਏਥੋਂ ਵਿਦੇਸ਼ ਜਾਂਦਿਆਂ ਹੀ ਸਿਰ ਮੂੰਹ ਮੁੰਨਾ ਕੇ ਆਪਣੇ ਧਰਮ ਨੂੰ ਸਦੀਵੀ ਤਿਲਾਂਜਲੀ ਦੇ ਦਿੰਦੇ ਸਨ।

ਅਮਰੀਕਨ ਸਿੱਖਾਂ ਦੀ ਇਹ ਤਰੱਕੀ ਦੇਖ ਕੇ ਉਨ੍ਹਾਂ ਨੂੰ ਦਿਲੀ ਮਿਲਵਰਤਣ ਦੇਣ ਤੋਂ ਕਦੇ ਤੇ ਕਿਸੇ ਮੌਕੇ ਤੇ ਵੀ ਸੰਕੋਚ ਨਹੀਂ ਕਰਨਾ ਚਾਹੀਏ। ਕਿਸੇ ਗਲਤ ਪ੍ਰਾਪੇਗੰਡੇ ਦੇ ਅਸਰ ਹੇਠ ਆ ਕੇ ਉਨ੍ਹਾਂ ਨੂੰ ਨਿੰਦਣਾ ਜਾਂ ਮੁਖ਼ਾਲਫ਼ਤ ਕਰਨੀ ਅਨੁਚਿਤ ਹੈ।

### ਸੰਪਾਦਕੀ ਨੋਟ :—

"ਕਾਠ ਕੀ ਪੁਤਰੀ ਕਹਾ ਕਰੈ ਬਪੁਰੀ
ਖਿਲਾਵਨਹਾਰੋ ਜਾਨੈ"

ਦੇ ਮਹਾਂਵਾਕ ਅਨੁਸਾਰ ਇਹ ਸਾਰੀ ਕਲਾ ਸਤਿਗੁਰਾਂ ਦੀ ਵਰਤਾਈ ਹੋਈ ਹੈ, ਨਹੀਂ ਤਾਂ ਕਿਸੇ ਇਕ ਵਿਅਕਤੀ ਦੀ ਕੀ ਪ੍ਰੁਖੋਂ ਹੈ ਕਿ ਐਸ਼-ਇਸ਼ਰਤ ਤੇ ਵਿਕਾਰਾਂ ਵਿਚ ਫਸਿਆਂ ਹੋਇਆਂ ਪਾਸੋਂ ਸ਼ਰਾਬ ਕਬਾਬ ਜਿਹੇ ਕੁਚਸਕੇ ਛੁਡਵਾ ਕੇ, ਸਾਬਤ ਸੂਰਤ ਜਟਾ-ਜੂਟ ਗੁਰਮੁਖੀ ਵੇਸ ਧਾਰਨ ਕਰਵਾ ਦੇਵੇ। ਦਰਗਾਹੀ ਹੁਕਮ ਅਨੁਸਾਰ ਸ੍ਰੀ ਗੁਰੂ ਨਾਨਕ-ਦਸਮੇਸ਼ ਜੀ ਦੀ ਕਲਯੁਗ ਦੇ ਉਧਾਰ ਲਈ ਵਰਤਾਈ ਹੋਈ ਇਹ ਆਪਣੀ ਕਲਾ ਸੀ ਕਿ ਕੁਮਾਰਗ ਪਏ ਹੋਏ ਜੀਵ, ਸਭ ਕੁਝ ਛਡ-ਛਡਾ ਕੇ ਇਕ ਵਿਲੱਖਣ ਰਹਿਤ ਦੇ ਧਾਰਨੀ ਹੋ ਗਏ।



www.AKJ.Org

ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜ ਜਿ ਮੁਘਦ ਹੋਤੇ
ਸਭਿ ਲਗੇ ਤੇਰੀ ਸੇਵ ॥ (੪੦੬)

ਸਤਿਗੁਰਾਂ ਦੇ ਕਲਜੁਗ ਦੇ ਉਧਾਰ ਦੀ ਵਿਉਂਤ ਦਾ ਇਹ ਅਰੰਭ ਹੈ।

ਸਿੱਖੀ ਵਲ ਪ੍ਰੇਰਤ ਹੋਣ ਦੀ ਇਹ ਲਹਿਰ, ਸਤਿਗੁਰੂ ਦੇ ਭਾਣੇ ਵਿਚ ਜਿਵੇਂ ਵੀ ਅਰੰਭ ਹੋਈ ਹੈ, ਇਸ ਨੂੰ ਹੋਰ ਉਤਸ਼ਾਹਿਤ ਕਰਨ ਦੀ ਲੋੜ ਹੈ, ਨਾ ਕਿ ਇਸ ਲਹਿਰ ਨੂੰ ਨਿੰਦ ਕੇ ਇਸ ਨੂੰ ਕਮਜ਼ੋਰ ਕੀਤਾ ਜਾਏ। ਇਸ ਨੂੰ ਨਿੰਦਣਾ ਤੇ ਕਮਜ਼ੋਰ ਕਰਨਾ ਪਾਪ ਹੈ। ਕਮਜ਼ੋਰੀਆਂ ਤੇ ਘਾਟੇ ਹਰੇਕ ਜੀਵ ਅੰਦਰ ਹੁੰਦੇ ਹਨ। ਲੋੜ ਤਾਂ ਇਸ ਗੱਲ ਦੀ ਹੈ ਕਿ ਪਿਆਰ-ਮਿਲਵਰਤਣ ਦੇ ਕੇ ਇਨ੍ਹਾਂ ਕਮਜ਼ੋਰੀਆਂ ਜਾਂ ਘਾਟਿਆਂ ਨੂੰ ਸਹਿਜੇ ਸਹਿਜੇ ਦੂਰ ਕੀਤਾ ਜਾਏ ਅਤੇ ਸਿਖੀ ਮੰਡਲ ਵਿਚ ਪਰਵੇਸ਼ ਕਰਨ ਵਾਲੇ ਪ੍ਰਾਣੀਆਂ ਨੂੰ ਪਿਆਰ ਨਾਲ ਉਤਸ਼ਾਹਤ ਕੀਤਾ ਜਾਵੇ।

ਅਮਰੀਕਨ ਸਿੰਘਾਂ ਸਿੰਘਣੀਆਂ ਦੀਆਂ ਭਾਰਤ-ਫੇਰੀਆਂ ਤੇ ਸਿੱਖੀ ਸਰੂਪ ਦਾ ਸਿਖ ਜਗਤ ਵਿਚ ਇਹ ਅਸਰ ਪਿਆ ਹੈ ਕਿ ਸਿਖ ਨੌਜੁਆਨਾ ਦੇ ਪਤਿਤਪੁਣੇ ਨੂੰ ਠਲ੍ਹ ਪੈ ਰਹੀ ਹੈ ਤੇ ਉਹ ਸਿੱਖੀ ਰਹਿਤ ਮਰਯਾਦਾ ਵਲ ਪ੍ਰੇਰੇ ਜਾ ਰਹੇ ਹਨ।

## ਭਾਈ ਦਇਆ ਸਿੰਘ 'ਵੀਰ ਪਰਵਾਰ' ਦਾ ਨਵਾਂ ਪਤਾ

ਸੰਗਤਾਂ ਨੋਟ ਕਰਨ ਕਿ ਕੀਰਤਨੀ ਵੀਰ ਭਾਈ ਦਇਆ ਸਿੰਘ ਦਾ ਪਤਾ ਹੁਣ ਇਉਂ ਹੈ —

16—ਚੀਮਾ ਪਾਰਕ, ਨੇੜੇ ਮਾਡਲ ਗ੍ਰਾਮ ਸਟੇਸ਼ਨ, ਲੁਧਿਆਣਾ

## ਸ੍ਰੀ ਗੋਇੰਦਵਾਲ ਸਾਹਿਬ ਵਿਖੇ ਰੈਣ ਸਬਾਈ ਕੀਰਤਨ

ਅਖੰਡ ਕੀਰਤਨੀ ਜਥਾ ਪਟੀ, ਤਰਨ ਤਾਰਨ ਤੇ ਹੋਰ ਇਲਾਕੇ ਦੀਆਂ ਸੰਗਤਾਂ ਵਲੋਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਸਾਲਾਨਾ ਜੋੜ ਮੇਲੇ ਤੇ, ਪੰਜ ਸਤੰਬਰ ਬੁਧਵਾਰ ਦੀ ਰਾਤ ਨੂੰ ਗੁਰਦਵਾਰਾ ਚੁਬਾਰਾ ਸਾਹਿਬ ਦੇ ਸਾਹਮਣੇ ਦੀਵਾਨ ਅਸਥਾਨ ਤੇ ਕੀਰਤਨ ਰੈਣ ਸਬਾਈ ਹੋਣਗੇ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰਨ।

ਨੋਟ—ਇਹ ਕੀਰਤਨ ਹਰ ਪੂਰਨਮਾਸ਼ੀ ਤੋਂ ਪਹਿਲੀ ਰਾਤ ਨੂੰ ਇਸੇ ਥਾਂ ਹੋਇਆ ਕਰਨਗੇ।

ਦਾਸਰਾ—ਕੁਲਵੰਤ ਸਿੰਘ, ਪੰਜਾਬ ਐਂਡ ਸਿੰਧ ਬੈਂਕ, ਗੋਇੰਦਵਾਲ ਸਾਹਿਬ

## ਫਗਵਾੜਾ ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

ਸਮੂਹ ਗੁਰਸਿਖ ਵੀਰਾਂ ਭੈਣਾਂ ਦੇ ਚਰਨਾਂ ਵਿਚ ਜੋਦੜੀ ਹੈ ਕਿ ਗੁਰਦੁਆਰਾ ਅਕਾਲੀਆਂ ਫਗਵਾੜਾ ਵਿਖੇ ੨੨ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਸਮਾਗਮ ਹੋ ਰਹੇ ਹਨ। ਆਇ ਦੀਦਾਰ ਬਖਸ਼ੇ ਜੀ ਅਤੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਫਗਵਾੜਾ—ਗੁਰਾਇਆਂ

## ਬਰਿਆਨਾ (ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਸੁਖਦੇਵ ਸਿੰਘ ਖਾਲਸਾ ਸਮੂਹ ਅਖੰਡ ਕੀਰਤਨੀ ਜਥਿਆਂ ਅਤੇ ਸਰਬੱਤ ਸੰਗਤਾਂ ਦੇ ਚਰਨਾਂ ਵਿਚ ਬਿਨੇ ਕਰਦੇ ਹਨ ਕਿ ਉਨ੍ਹਾਂ ਦੇ ਗ੍ਰਿਹਿ ਪਿੰਡ ਬਰਿਆਨਾ ਵਿਖੇ ਅਠ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਦਰਸ਼ਨ ਦੇ ਕੇ ਨਿਵਾਜੋ ਜੀ।

"ਬਰਿਆਨਾ" ਪਿੰਡ ਹਰਿਆਨਾ-ਸੀਕਰੀ-ਬੁਲ੍ਹੋਵਾਲ ਰੋਡ ਤੇ ਹੈ। ਹੁਸ਼ਿਆਰਪੁਰ ਅੱਡੇ ਤੋਂ ਸ਼ਾਮ ਸਾਢੇ ਪੰਜ ਵਜੇ ਬਸ ਚਲਦੀ ਹੈ। ਸੰਗਤਾਂ ਨੂੰ ਲਿਜਾਣ ਲਈ ਉਚੇਚਾ ਟਰੱਕ ਹੁਸ਼ਿਆਰਪੁਰ ਅਡੇ ਤੋਂ ਸ਼ਾਮ ਨੂੰ ਅਠ ਵਜੇ ਚਲੇਗਾ।



www.AKJ.Org

## ਅੰਮ੍ਰਿਤਸਰ ਸ਼ਹੀਦਾਂ ਦੇ ਅਸਥਾਨ ਤੇ ਰੈਣ ਸਬਾਈ ਕੀਰਤਨ

ਹਰ ਮਹੀਨੇ ਵਾਂਗ ਐਤਕੀਂ ੧੫ ਸਤੰਬਰ ਸ਼ਨੀਵਾਰ ਦੀ ਰਾਤ ਨੂੰ ਗੁ: ਰਾਮਸਰ ਦੇ ਸਾਹਮਣੇ ਸ਼ਹੀਦਾਂ ਦੇ ਅਸਥਾਨ ਤੇ ਰੈਣ ਸਬਾਈ ਕੀਰਤਨ ਹੋ ਰਹੇ ਹਨ।

## ਯਮਨਾ ਨਗਰ ਜਗਾਧਰੀ ਵਿਖੇ ਸਾਲਾਨਾ ਅਖੰਡ ਕੀਰਤਨ

ਸਮੂਹ ਸੰਗਤਾਂ ਨੂੰ ਬਿਨੈ ਕੀਤੀ ਜਾਂਦੀ ਹੈ ਕਿ ਯਮਨਾ ਨਗਰ ਜ਼ਿਲਾ ਅੰਬਾਲਾ ਵਿਖੇ ਅਖੰਡ ਕੀਰਤਨ ਦੇ ਸਾਲਾਨਾ ਪ੍ਰੋਗਰਾਮ ਹੋ ਰਹੇ ਹਨ। ਸਮੂਹ ਮਾਈ ਭਾਈ ਹਾਜ਼ਰੀਆਂ ਭਰ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ।

ਪ੍ਰੋਗਰਾਮ

੧੪ ਸਤੰਬਰ ਸ਼ਾਮ ੭ ਤੋਂ ੧੦ ਕੀਰਤਨ ਗੁ: ਲੁਹਾਰੀ ਮਹੱਲਾ, ਜਗਾਧਰੀ

੧੫ ਸਤੰਬਰ ਸਵੇਰੇ ੫ ਤੋਂ ਦੁਪਹਿਰ ਤਕ ਕੀਰਤਨ ਗੁ: ਯਮਨਾ ਗਲੀ, ਯਮਨਾ ਨਗਰ

ਰਾਤ ਰੈਣ ਸਬਾਈ ਕੀਰਤਨ ਗੁਰਦਵਾਰਾ ਸੰਤਪੁਰਾ, ਐਤਵਾਰ ਸਵੇਰੇ ਸਮਾਪਤੀ।

ਰਿਹਾਇਸ਼ ਦਾ ਪ੍ਰਬੰਧ ਗੁਰਦਵਾਰਾ ਸੰਤਪੁਰਾ ਵਿਖੇ ਹੋਵੇਗਾ।

ਪ੍ਰਾਰਥਕ ਦਾਸਰੇ—ਅਖੰਡ ਕੀਰਤਨੀ ਜਥਾ, ਯਮਨਾ ਨਗਰ—ਜਗਾਧਰੀ

## ਪਖੰਡੀ ਤੇ ਨਕਲੀ ਗੁਰੂਆਂ ਦੀ ਅਸਲੀਅਤ ਪੜ੍ਹੋ

***ਸ਼ਬਦ ਗੁਰ ਪੀਰਾ***—ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ—ਸ੍ਰੀ ਗੁਰੂ ਗ੍ਰੰਥ ਸਾਹਿਬ ਜਾਗਤ ਜੋਤਿ ਕਲਾ ਸੰਪੰਨ ਸੱਚੇ ਗੁਰਦੇਵ ਹਨ। ਸਚੇ ਗੁਰੂ ਦੀ ਪਛਾਣ ਤੇ ਕੱਚੇ ਗੁਰੂਆਂ ਦੇ ਪਾਜ ਉਘੇੜੇ ਹਨ। ਸਗੁਰਾ ਅੰਮ੍ਰਿਤ ਛਕ ਕੇ ਹੀ ਹੋ ਸਕੀਦਾ ਹੈ। ਪੰਨੇ ੬੦, ਭੇਟਾ ੪੦ ਪੈਸੇ

***ਵਾਹੁ ਵਾਹੁ ਬਾਣੀ ਨਿਰੰਕਾਰ ਹੈ***—ਨਕਲੀ ਨਿਰੰਕਾਰੀਆਂ ਦੇ ਪਾਜ ਉਘੇੜਨ ਵਾਲੀ ਇਕ ਸੁਆਦਲੀ ਵਾਰਤਾਲਾਪ, ਭੇਟਾ ੧੫ ਪੈਸੇ

***ਸੱਚੋ ਸ਼ੱਚ***—ਨਕਲੀ ਨਿਰੰਕਾਰੀਆਂ ਬਾਰੇ ਸੱਚੋ ਸੱਚ, ਉਹਨਾਂ ਦੀਆਂ ਲਿਖਤਾਂ, ਪੁਸਤਕਾਂ ਤੇ ਚਿਠੀਆਂ ਦੇ ਹਵਾਲਿਆਂ ਸਮੇਤ, ਭੇਟਾ ੨੦ ਪੈਸੇ

***ਵੈਸਾਖੀ ਦਾ ਖੂਨੀ ਸਾਕਾ ਤੇ ਸ਼ਹੀਦੀ ਜੀਵਨ***—ਖੂਨੀ ਸਾਕੇ ਦੀ ਪੂਰੀ ਵਾਕਫੀ, ਨਕਲੀਆਂ ਬਾਰੇ ਸੱਚੋ ਸੱਚ ਅਤੇ ਸਾਕੇ ਦੇ ਸ਼ਹੀਦਾਂ ਗੁਰਮੁਖ ਪਿਆਰਿਆਂ ਦੇ ਅਲੌਕਿਕ ਜੀਵਨ ਤੇ ਕਵਿਤਾਵਾਂ, ਚਿਤਰਾਂ ਸਮੇਤ, ਭੇਟਾ ੧-੫੦

---

### *ਗੁਰਸਿਖ ਰਹਿਣੀ*

ਗੁਰਸਿਖਾਂ ਲਈ ਜ਼ਰੂਰੀ ਰਹਿਤ ਬਹਿਤ ਅਤੇ ਕੇਸਾਂ ਲਈ ਛੋਟੀ ਦਸਤਾਰ ਦੀ ਰਹਿਤ ਬਾਰੇ ਖੋਜ ਭਰੇ ਵਿਚਾਰ ਦਿਤੇ ਗਏ ਹਨ। ਭੇਟਾ ੪੦ ਪੈਸੇ

### *ਗੁਰਮਤਿ ਅਨਹਦ ਸ਼ਬਦ*

ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕ "ਅਨਹਦ ਸ਼ਬਦ ਦਸਮ ਦੁਆਰ" ਦਾ ਸੰਖੇਪ ਇਹ ਲੇਖ ਹੈ। ਭੇਟਾ ੨੫ ਪੈਸੇ

ਮੰਗਾਣ ਦਾ ਪਤਾ—*'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਰਤਨ ਸਿੰਘ, ਅੰਮ੍ਰਿਤਸਰ*



www.AKJ.Org

# ਅਖੰਡ ਕੀਰਤਨੀ ਜਥਾ —— ਹਿਸਾਬ ਕਿਤਾਬ

## ਸ਼ਹੀਦੀ ਫ਼ੰਡ–ਆਮਦਨ

| | |
|---|---|
| ਸੰਗਤ ਲਖਨਊ ਕੈਪਟਨ ਪ੍ਰਿਥੀਪਾਲ ਸਿੰਘ ਦੇ ਗ੍ਰਹਿ ਸਮਾਗਮ ਸਮੇਂ | ੫੨-੦ |
| ਸ: ਪ੍ਰੀਤਮ ਸਿੰਘ, ਪੰ:ਸਿੰਧਬੈਂਕ ਬਟਰਕਲਾਂ | ੧੦੦-੦ |
| ਸੰਗਤ ਗੁ: ਨਾਨਕਸਰ, ਸਾਊਥਹੈਂਪਟਨ ਯੂ. ਕੇ., C/o ਸ: ਹਰਜਾਪ ਸਿੰਘ ਜੀ | ੨੪੧੬-੫੦ |
| ਭਾਈ ਜੀਵਨ ਸਿੰਘ ਹਜ਼ੂਰੀ ਰਾਗੀ | ੧੦੦-੦ |
| ਸ੍ਰੀ ਗੁਰੂ ਸਿੰਘ ਸਭਾ, ਇਸਤ੍ਰੀ ਵਿਭਾਗ ਸੰਗਠਨ ਕਮੇਟੀ, ਦਾਦਰ, ਬੰਬਈ | ੭੧੫੧-੦ |
| ਸ: ਦਰਸ਼ਨ ਸਿੰਘ ਗਿਲ ਗਲਵਡੀ | ੨੫-੦ |
| Sgt. ਕੁਲਦੀਪ ਸਿੰਘ ਮਤਵਾਲਾ ਬੈਂਗਲੌਰ | ੩੧-੦ |
| ਸ: ਅਵਤਾਰ ਸਿੰਘ ਕੈਨੇਡੀਅਨ, ਸੂਚੀ | ੫੦੦-੦ |
| ਗੁਪਤ, ਸ੍ਰੀ ਅੰਮ੍ਰਿਤਸਰ | ੫੦-੦ |
| ਸ: ਜਗਦੇਵ ਸਿੰਘ, ਸਹਾਰਨਪੁਰ | ੧੫੦-੦ |
| ਅਖੰਡ ਕੀਰਤਨੀ ਜਥਾ ਯੂ.ਕੇ. | ੮੯੪੩-੦੯ |
| ਅਖੰਡ ਕੀਰਤਨੀ ਜਥਾ ਯੂ. ਕੇ. (ਚਲਦਾ ਵਹੀਰ ਲਈ) | ੮੯੪੩-੧੦ |
| ਸ: ਸੁਖਦੇਵ ਸਿੰਘ ਸੁੰਮਨ ਪਾਨੀਪਤ | ੨੧-੦ |
| ਸ: ਭਾਗ ਸਿੰਘ ਜੀ ਫ਼ੀਰੋਜ਼ਪੁਰ | ੩੦-੦ |
| ਸ: ਗੁਰਬਖਸ਼ ਸਿੰਘ ਸਿਵੀਆ ਗ੍ਰੇਵਜ਼ੈਂਡ | ੭੦-੦ |
| ਗੁਪਤਰਾਹੀਂ ਸ:ਕਰਮਸਿੰਘ ਤਲਵਾਰ ਬੰਬਈ | ੫੦੦-੦ |
| | ੨੯੦੮੨-੬੯ |
| ਪਿਛਲੀ ਬਾਕੀ— | ੩੮੧੫੩-੦੪ |
| ਜੋੜ | ੬੭੨੩੫-੭੩ |

| | |
|---|---|
| ਖ਼ਰਚ–ਅਖਬਾਰਾਂ | ੨੩-੦੦ |
| ਬੀਬੀ ਅਮਰਜੀਤ ਕੌਰ ਜੀ (ਚਲਦਾ ਵਹੀਰ ਲਈ) | ੮੯੪੩-੧੦ |
| ਡਾਕ ਖਰਚ | ੬-੬੦ |
| ਮੁਕੱਦਮੇ ਦੀ ਪੈਰਵੀ ਲਈ ਵਕੀਲ ਨੂੰ | ੧੧੦੦-੦੦ |
| ਮੁਕੱਦਮੇ ਦੀ ਪੈਰਵੀ ਲਈ ਭਾ: ਗੁਰਦਿਆਲ ਸਿੰਘ ਨੂੰ | ੨੦੦੦-੦ |
| ਜੋੜ | ੧੨੦੭੨-੭੦ |
| ਬਾਕੀ | ੫੫੧੬੩-੦੩ |

## ਕੇਂਦਰੀ ਫ਼ੰਡ–ਆਮਦਨ

| | |
|---|---|
| ਭਾ: ਬਖਸੀਸ਼ ਸਿੰਘਜੀ ਪੰ:ਸਿ:ਬੈਂਕ Asr. | ੫੦-੦ |
| ਪਿਛਲੀ ਬਾਕੀ | ੪੨੧੨-੫੧ |
| | ੪੨੬੨-੫੧ |
| ਖ਼ਰਚ–ਛਪਾਈ ਤੇ ਕਾਗਜ਼ ਏਜੰਡਾ, ਸਰਕੂਲਰ ਅਤੇ ਚਿਠੀਆਂ | ੫੫-੫੦ |
| ਬਾਕੀ | ੪੨੦੭-੦੧ |

੨੦-੮-੭੯

ਦਾਸਰਾ—ਰਾਮ ਸਿੰਘ (ਜਥੇਦਾਰ)
ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ)
ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ।

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | |
|---|---|
| ਜੇਲ੍ਹ ਚਿਠੀਆਂ (ਨਵੇਂ ਰੂਪ ਵਿਚ) | ੧੨-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ (,,) | ੫-੫੦ |
| ਗੁਰਮਤਿ ਵਿਚਾਰ (,,) | ੫-੫੦ |
| ਗੁਰਮਤਿ ਲੇਖ (,,) | ੫-੫੦ |
| ਗੁਰਮਤਿ ਪ੍ਰਕਾਸ਼ (,,) | ੩-੭੫ |
| ਸਬਦੁ ਗੁਰ ਪੀਰਾ | ੦-੪੦ |
| ਗੁਰ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਗੁਰਬਾਣੀ ਦੀ ਪਾਰਸ-ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ |
| ਜੀਵਨ ਚਰਿਤਰ ਭਾ: ਸਾਹਿਬ ਰਣਧੀਰ ਸਿੰਘ ਜੀ | ੧-੦੦ |
| ਰੰਗਲੇ ਸਜਣ | ੬-੭੦ |
| ਗੁਰਮਤਿ ਬਿਬੇਕ ੭-੫੦ ਗੁਰਮਤਿ ਸੱਚ ਨਿਰਣੇ | ੬-੭੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ |
| ਗੁਰਮਤਿ ਅਨਹਦ ਸ਼ਬਦ | ੦-੨੫ |
| ਉਮਰ ਕੈਦੀ ਦਾ ਸੁਪਨਾ | ੦-੪੦ |
| ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੩੫ |
| ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕੀ ਹੈ——ਅੰਮ੍ਰਿਤ ਕਲਾ | ੦-੫੦ |
| ਸਿੰਘਾਂ ਦਾ ਪੰਥ ਨਿਰਾਲਾ | ੦-੫੦ |
| ਸੱਚੀਆਂ ਦਾੜ੍ਹੀਆਂ ੦-੩੦ ਵਾਹਿਗੁਰੂ ਸਿਮਰਨ | ੦-੩੦ |
| ਬਾਬਾ ਵੈਦ ਰੋਗੀਆਂ ਦਾ | ੦-੩੦ |

www.AKJ.Org

# 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਮੈਂਬਰਾਂ ਦੇ ਸੌ ਸੌ ਰੁਪਏ ਦੇਸ ਤੋਂ ਪੁਜੇ ਹਨ। ਸਭ ਦੇ ਨਾਵਾਂ ਦੀਆਂ ਬੈਂਕ ਵਿਚੋਂ ਕਟਵਾਈਆਂ ਐਫ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ—

| | | | | |
|---|---|---|---|---|
| 534. | ਸ: ਕਰਤਾਰ ਸਿੰਘ ਸਹੋਤਾ | (ਚਿਟ ਨੰ: 3534) | 986302/751/79 | ਮਿਤੀ 23-8-79 |
| 535. | ਸ: ਤਾਰਾ ਸਿੰਘ ਬੈਂਸ ਪਨਾਮ | ( ,, ,, 3535) | 986303/752/79 | ,, |
| 536. | ਸ: ਤੇਜਿੰਦਰ ਸਿੰਘ ਨਵਤੇਜ | ( ,, ,, 3536) | 986304/753/79 | ,, |
| 537. | ਸ: ਵੀਰ ਸਿੰਘ S/o ਸ: ਚੰਦਾ ਸਿੰਘ | ( ,, ,, 3537) | 986305/754/79 | ,, |
| 538. | ਸ੍ਰੀਮਤੀ ਸੁਰਜੀਤ ਕੌਰ | ( ,, ,, 3538) | 986306/755/79 | ,, |
| 539. | ਸ: ਈਸ਼ਰ ਸਿੰਘ ਥਾਪਰ | ( ,, ,, 3539) | 986307/756/79 | ,, |
| 540. | ਬੀਬੀ ਸ਼ਾਮ ਕੌਰ | ( ,, ,, 3540) | 986308/757/79 | ,, |
| 541. | ਸ: ਜਸਵੰਤ ਸਿੰਘ ਸ਼ਾਨ | ( ,, ,, 3541) | 986309/758/79 | ,, |
| 542. | ਸ: ਕੁਲਦੀਪ ਸਿੰਘ ਕਾਨਪੁਰ | ( ,, ,, 3542) | 986310/759/79 | ,, |
| 543. | ਸ: ਸਰੂਪ ਸਿੰਘ ਸਰਵੇਅਰ | ( ,, ,, 3543) | 986311/760/79 | ,, |
| 544. | ਗੁਰਦਵਾਰਾ ਆਰਸਲ ਪਾਰਸਲ | ( ,, ,, 3544) | 986312/761/79 | ,, |

## ਅਮਾਨਤੀ ਲਾਈਫ਼ ਮੈਂਬਰ ਪ੍ਰਦੇਸ ਲਈ ਰੇਟ

ਯੂ. ਕੇ. ਅਫਰੀਕਾ ਆਦਿ 650/- ਅਰਬ ਮਲਾਇਆ ਆਦਿ 500/- ਕੈਨੇਡਾ ਅਮਰੀਕਾ 750/-

## ਰਿਸ਼ਤੇ ਨਾਤੇ—

ਲੋੜਵੰਦ ਸਜਣ ਚਿੱਠੀ 'ਸੂਰਾ' ਮਾਸਕ ਪੱਤਰ ਬਾਜ਼ਾਰ ਮਾਈ ਸੇਵਾਂ ਨੂੰ ਲਿਖਣ ਅਤੇ ਲਫਾਫੇ ਦੇ ਬਾਹਰ ਫਾਰਮ ਨੰਬਰ ਜ਼ਰੂਰ ਲਿਖਣ। ਕੇਵਲ ਅੰਮ੍ਰਿਤਧਾਰੀ ਬੱਚਿਆਂ ਲਈ ਹੀ ਚਿੱਠੀ ਪੱਤਰ ਕਰੋ।

ਫਾਰਮ ਨੰ: 93 ਇਕ 27 ਸਾਲਾ ਅੰਮ੍ਰਿਤਧਾਰੀ ਸਿੰਘ ਬੀ-ਕਾਮ, ਪੰਜ ਬਾਣੀ, ਨਿਤਨੇਮੀ, ਅਖੰਡਪਾਠੀ ਲਈ ਯੋਗ ਸਾਥਣ ਦੀ ਲੋੜ ਹੈ।

ਫਾਰਮ ਨੰ: 94 ਇਕ 26 ਸਾਲਾ ਅੰਮ੍ਰਿਤਧਾਰੀ ਸਿੰਘ ਕਦ 5'-10'' ਬੀ.ਏ. ਪਾਸ, ਪੰਜਾਬ ਐਂਡ ਸਿੰਧ ਬੈਂਕ ਵਿਚ ਨੌਕਰ, ਤਨਖਾਹ 700/- ਰੁਪਏ ਲਈ ਘਟੋ ਘਟ ਬੀ.ਏ. ਪਾਸ ਸਿੰਘਣੀ, ਕਦ 5'-6'' ਦੇ ਨੇੜੇ ਦੀ ਲੋੜ ਹੈ। ਸਰਕਾਰੀ ਨੌਕਰੀ ਨੂੰ ਪਹਿਲ ਦਿਤੀ ਜਾਏਗੀ।

ਫਾਰਮ ਨੰ: 95 ਇਕ ਅੰਮ੍ਰਿਤਧਾਰੀ ਬੀਬੀ ਉਮਰ 24½ ਸਾਲ, ਕਦ 5'-3½'', ਬੀ.ਏ. ਪਾਸ ਨਰਸਰੀ ਟੀਚਰ ਕੋਰਸ ਪਾਸ ਲਈ ਬੀ.ਏ. ਪਾਸ 26-27 ਸਾਲ ਦੀ ਉਮਰ ਦਾ ਨੌਕਰੀ ਤੇ ਲੱਗਾ ਜੀਵਨ ਸਾਥੀ ਲੋੜੀਦਾ ਹੈ।

ਫਾਰਮ ਨੰ: 96 ਇਕ 28 ਸਾਲਾ ਅੰਮ੍ਰਿਤਧਾਰੀ ਬੀਬੀ ਕਦ 5-2½'' ਐਮ.ਏ. ਬੀ.ਐਡ. ਟੀਚਰ ਪਕੀ ਨੌਕਰੀ, ਤਨਖਾਹ 625/- ਰੁਪਏ ਲਈ ਅਛੀ ਨੌਕਰੀ ਵਾਲੇ ਸਿਹਤਮੰਦ ਵਰ ਦੀ ਲੋੜ ਹੈ।

ਫਾਰਮ ਨੰ: 97 ਇਕ 26 ਸਾਲਾ ਨੌਜਵਾਨ ਕਦ 5'-7' ਮੈਟਰਿਕ ਪਾਸ, ਟੈਲੀਫੋਨ ਡਿਪਲੋਮਾ ਹੋਲਡਰ, ਫੌਜ ਵਿਚ ਟੈਲੀਫੋਨ ਉਪਰੇਟਰ, ਤਨਖਾਹ 550/- ਰੁਪਏ, ਜ਼ਮੀਨ 30ਵਿਘੇ—ਲਈ ਸਰਕਾਰੀ ਨੌਕਰੀ ਤੇ ਲੱਗੀ ਪੜ੍ਹੀ ਲਿਖੀ ਰਹਿਤਵਾਨ ਜੀਵਨ ਸਾਥਣ ਦੀ ਲੋੜ ਹੈ।

ਫਾਰਮ ਨੰ: 82 ਇਕ 32 ਸਾਲਾ ਸਿੰਘ, ਕਦ 5'-4'' ਐਮ. ਏ. ਕੈਮਿਸਟਰੀ ਪਾਸ, ਸਿਹਤ ਨਾਰਮਲ, ਕਪੜੇ ਦੇ ਬਿਉਪਾਰ ਦਾ ਕੰਮ—ਲਈ ਦਰਮਿਆਨੇ ਦਰਜੇ ਦੇ ਪਰਵਾਰ ਦੀ ਅੰਮ੍ਰਿਤਧਾਰੀ ਸਿੰਘਣੀ ਦੀ ਲੋੜ ਹੈ।

www.AKJ.Org

# ਦਿੱਲੀ ਵਿਖੇ ਸਲਾਨਾ ਕੀਰਤਨ ਸਮਾਗਮ

## *29 ਸਤੰਬਰ ਸ਼ਨੀਵਾਰ ਸਵੇਰ ਤੋਂ 2 ਅਕਤੂਬਰ 79 ਮੰਗਲਵਾਰ ਸਵੇਰ ਤਕ*

ਸਦਾ ਵਾਂਗ ਸਤਿਗੁਰ ਸੱਚੇ ਪਾਤਸ਼ਾਹ ਜੀ ਦੀ ਬਖਸ਼ਸ਼ ਸਦਕਾ ਗੁਰਪੁਰਵਾਸੀ ਪੰਥ ਰਤਨ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਅਖੰਡ ਕੀਰਤਨ ਜਥੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ 28 ਸਤੰਬਰ ਸ਼ਾਮ ਨੂੰ ਦਿਲੀ ਪੁਜ ਰਹੇ ਹਨ। ਸਮੂਹ ਗੁਰਮੁਖ ਵੀਰ ਭੈਣਾਂ ਵਧ ਤੋਂ ਵਧ ਹਾਜ਼ਰੀਆਂ ਭਰ ਕੇ ਜਨਮ ਸਫਲਾ ਕਰੋ ਜੀ।

### -ਪ੍ਰੋਗਰਾਮ-

| ਸਵੇਰੇ ਕੀਰਤਨ ਆਸਾ ਦੀ ਵਾਰ | ਸ਼ਾਮ ਸੋਦਰ ਰਹਿਰਾਸ ਤੇ ਕੀਰਤਨ |
|---|---|
| ੨੯ ਸਤੰਬਰ—ਗੁ: ਸੀਸਗੰਜ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| ੩੦ ,, —ਗੁ: ਰਕਾਬਗੰਜ ਸਾਹਿਬ | ਗੁਰਦਵਾਰਾ ਬੰਗਲਾ ਸਾਹਿਬ |
| ੧ ਅਕਤੂਬਰ—ਗੁ: ਰਕਾਬਗੰਜ ਸਾਹਿਬ | ਰੈਣ ਸਬਾਈ ਰਕਾਬਗੰਜ ਸਾਹਿਬ |

ਅੰਮ੍ਰਿਤ-ਸਿੰਚਾਰ—੧ ਅਕਤੂਬਰ ਸੋਮਵਾਰ ਦੁਪਹਿਰ ਪਿਛੋਂ ਗੁਰਦਵਾਰਾ ਰਕਾਬਗੰਜ ਵਿਖੇ।

ਨਿਵਾਸ-ਅਸਥਾਨ—ਸ੍ਰੀ ਗੁਰੂ ਤੇਗ ਬਹਾਦਰ ਖਾ: ਹਾ: ਸੈਕੰਡਰੀ ਸਕੂਲ, ਦੇਵ ਨਗਰ, ਕਰੋਲ ਬਾਗ, ਨਵੀਂ ਦਿਲੀ।

ਨੋਟ :—ਬਾਹਰੋਂ ਆਉਣ ਵਾਲੀਆਂ ਸਗਤਾਂ ਬਿਸਤਰੇ ਜ਼ਰੂਰ ਲਿਆਉਣ ਦੀ ਕਿਰਪਾ ਕਰਨ।

ਪੁੱਛ ਗਿੱਛ—ਡਾ: ਦਲਬੀਰ ਸਿੰਘ, WZ-143/2, ਉਤਮ ਨਗਰ, ਨਵੀਂ ਦਿਲੀ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ, ਦਿਲੀ

---

# ਅਖੰਡ ਕੀਰਤਨੀ ਜਥਾ ਵਲੋਂ ਗੁਰਮਤਿ ਪ੍ਰਚਾਰ ਤੇ ਅੰਮ੍ਰਿਤ-ਸਿੰਚਾਰ

## ਚਲਦਾ ਵਹੀਰ ਮੰਨਣਾਂ ਤੇ ਕਰਤਾਰਪੁਰ ਵਲੋਂ ਸਤੰਬਰ-ਅਕਤੂਬਰ ਦਾ ਪ੍ਰੋਗਰਾਮ

ਸਤੰਬਰ ੩ ਖਹਿਰਾ ਮਝਾ, ੪ ਖਸਣ, ੫ ਰਾਮਗੜ੍ਹ, ੬ ਢਿਲਵਾ, ੭ ਬਤਾਲਾ, ੮ ਰੈਣ ਸਬਾਈ ਗੰਧਵਾਂ, ੧੦ ਜਰਾਮਪੁਰ, ੧੧ ਰਮੀਦੀ, ੧੨ ਲਖਣ ਕੇ ਪੱਡੇ, ੧੩ ਨਡਾਲਾ, ੧੪ ਡਾਲਾ, ੧੫ ਪਤਣ ਕਲਾਂ, ੧੬ ਸਰਾਏ ਖਾਸ, ੧੯ ਟਾਹਲੀ ਸਾਹਿਬ, ੨੧ ਗੁ: ਅਕਾਲਗੜ੍ਹ ਕਰਤਾਰਪੁਰ, ੨੨ ਰੈਣ ਸਬਾਈ ਫਗਵਾੜਾ, ੨੪ ਅੰਬਗੜ੍ਹ, ੨੫ ਮੰਡ ਮੌੜ, ੨੬ ਹਮੀਰਾ, ੨੯ ਸਤੰਬਰ ਤੋਂ ੨ ਅਕਤੂਬਰ ਦਿਲੀ ਦਾ ਸਾਲਾਨਾ ਸਮਾਗਮ। ਅਕਤੂਬਰ ੩ ਧੀਰਪੁਰ, ੫ ਦੁਗਰੀ, ੮ ਅਕਤੂਬਰ ਤੋਂ ੧੩ ਅਕਤੂਬਰ ਦਿਆਲਪੁਰ (ਗੁ: ਪਡਿਆਂ ਵਾਲੇ) ਵਿਖੇ ਲਗਾਤਾਰ ਸ੍ਰੀ ਅਖੰਡਪਾਠ ਜਾਰੀ ਰਹਿਣਗੇ। ਸ਼ਾਮ ਦੇ ਕੀਰਤਨ ਉਥੋਂ ਦੇ ਵਖ ਵਖ ਸਿੰਘਾਂ ਦੇ ਗ੍ਰਹਿ ਵਿਖੇ ਹੋਣਗੇ। ੧੩ ਸਵੇਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦੁਪਹਿਰ ਤਕ ਅਖੰਡ ਕੀਰਤਨ, ਸ਼ਾਮ ਨੂੰ ਅੰਮ੍ਰਿਤ-ਸਿੰਚਾਰ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ। ੧੩ ਸ਼ਾਮ ਨੂੰ ਜਲੰਧਰ ਨਵੇਂ ਅਡੇ ਤੇ ਚੋਕ ਭਗਤ ਸਿੰਘ ਤੋਂ ਟਰੱਕ ਚਲੇਗਾ।

ਪੁੱਛ ਗਿਛ—ਮਾ: ਗੁਰਬਚਨ ਸਿੰਘ ਦਿਆਲਪੁਰ, ਭਾ: ਕੁਲਵੰਤ ਸਿੰਘ ਕਾਕੀ ਪਿੰਡ, ਭਾ: ਮਿਲਖਾ ਸਿੰਘ ਡਲਾ, ਭਾ: ਸੁਬੇਗ ਸਿੰਘ ਮੰਨਣ

ਦਾਸਰੇ--ਅਖੰਡ ਕੀਰਤਨੀ ਜਥਾ ਦਿਆਲਪੁਰ, ਕਰਤਾਰਪੁਰ ਤੇ ਮੰਨਣ

---

*ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ*

www.AKJ.Org